ਸਤਿਸੰਗ

ਫਰਵਰੀ ੧੯੮੩

੨/-

ਸਤਿਗੁਰੁ ਰਾਮ ਸਿੰਘ ਜੀ

ਸੋਈ ਨੇਤਿ ਫੁਰੀ ਆਇ ਸੰਮਤ ਬਹੱਤਰੇ ਮੈਂ, ਮਾਘ ਸੁਧੀ ਪੰਚਮੀ ਸਵੇਰੇ ਗਰੁਵਾਰ ਕੋ।
ਜ਼ਿਲਾ ਲੁਧਿਆਣਾ, ਗ੍ਰਾਮ ਭੈਣੀ ਨਾਮ ਜਾਣੈ ਆਮ, ਅਵਤਰੇ ਸਿੰਘ ਰਾਮ ਕਲਮਲੈ ਟਾਰ ਕੋ।

Sri Satguru Jagjit Singh Ji Elibrary NamdhariElibrary@gmail.com

ਮਾਸਕ ਵਰਿਆਮ ਫਰਵਰੀ ੧੯੮੩

ਜਿਲਦ ਨੰ: ੮ ਅੰਕ ਨੰ: ੪

ਸੰਪਾਦਕ : ਜਗਜੀਤ ਸਿੰਘ

ਮੁਲ ਪ੍ਰਤੀ ਕਾਪੀ । ੨-੦੦ ਰਪਿਆ
ਸਾਲਾਨਾ ਚੰਦਾ ਦੇਸ । ੨੦ ਰੁਪਏ
,, ,, ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ
,, ,, ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ । ੩੦੦ ਰਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ : Office Address
ਮਾਸਕ ਵਰਿਆਮ, Monthly WARIAM
ਲਾਡੋਵਾਲੀ ਰੋਡ (Punjabi)
ਜਲੰਧਰ—੧੪੪੦੦੧, Ladowali Road
ਫੋਨ । ੭੨੫੦੪ ਪੀ. ਪੀ Jalandhar-144001
Phone : 72504 PP

GOLDEN HOLIDAYS

To

Thailand, Malayasia, Singapore,
Hongkong, Japan, Europe & U S.A,

TRAVEL WITHOUT WORRY

TRAVEL THE KWICK WAY

We assist in Passports, Visas,
Planning your itineraries Reservations,
Air Tickets –International
& Domestic,
Hotels & Car Hire.

for all your Travel & Tour requirements

Contat :

Kwick TRAVELS PVT. LTD.
TRAVEL AGENTS & TOUR OPERATORS
2108, Desh Bandhu Gupta Road,
Karol Bagh, New Delhi-110005.
Phone : 562588, 569206, 579646, 579648
Cable : KWICKAIR.

ਵਰਿਆਮ ਸਕਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ





ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖ਼ਬਰੀ

ਵਧੀਆ, ਦਿਲਕਸ਼ ਰੰਗ ਸੁਥਰੇ ਸੁੰਦਰ ਛਾਪਾਈ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਵਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫ਼ਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ,ਦਿਲੀ-੧੧੦੦੦੬

Manufacturers & Suppliers of :

TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST COLOURS
WOODEN & STEEL FURNITURE
& PADESTALFAN ETC.

PLEASE CONTACT

Phones : Office : 258411
,, : 250345
Resi. : 213054

Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Sri Satguru Jagjit Singh Ji Elibrary NamdhariElibrary@gmail.com

ਸੰਪਾਦਕੀ

ਦਿਲੀ ਵਿਚ ਹੋਈਆਂ ਨੌਵੀਆਂ ਏਸ਼ੀਅਨ ਖੇਡਾਂ, ਖੇਲ ਜਗਤ ਦੇ ਇਤਿਹਾਸ ਵਿਚ ਇਕ ਮੀਲ ਪਥਰ ਸਨ ।

ਇਸ ਸਬੰਧ ਵਿਚ ਵਰਿਆਮ ਨੇ ਆਪਣਾ ਪਿਛਲਾ ਅੰਕ ਵਿਸ਼ੇਸ਼ ਕਰਕੇ ਪ੍ਰਕਾਸ਼ਤ ਕੀਤਾ ਸੀ । ਦੇਸ਼ ਵਿਦੇਸ਼ ਦੀਆਂ ਅਖਬਾਰਾਂ ਨੇ ਵੀ ਇਸ ਦੀ ਸਲਾਹੁਤਾ ਕੀਤੀ ਸੀ ।

ਸੱਚ ਮੁੱਚ ਹੀ ਭਾਰਤ ਸਰਕਾਰ ਨੇ ਇਹ ਮਹਾਨ ਕਾਰਜ ਬਹੁਤ ਪ੍ਰਬੀਨਤਾ ਅਤੇ ਕੁਸ਼ਲਤਾ ਨਾਲ ਸਿਰੇ ਚਾੜ੍ਹਿਆ ਸੀ । ਵਿਸ਼ੇਸ਼ ਆਯੋਜਨ ਸੰਮਿਤੀ ਦੇ ਚੇਅਰਮੈਨ ਸ: ਬੂਟਾ ਸਿੰਘ ਜੀ ਨੂੰ ਕੈਬੀਨਟ ਮੰਤਰੀ ਦੇ ਅਹੁਦੇ ਨਾਲ ਸਨਮਾਨਿਆ ਗਿਆ ਹੈ । ਰਾਜਾ ਭਾਲਿੰਦਰ ਸਿੰਘ ਜੀ ਅਤੇ ਸ: ਉਮਰਾਓ ਸਿੰਘ ਨੂੰ ਪਦਮ ਭੂਸ਼ਨ ਨਾਲ ਸਸ਼ੋਭਿਤ ਕੀਤਾ ਗਿਆ ਹੈ । ਅਤੇ ਇਹ ਸਿਲਸਲਾ ਜਾਰੀ ਹੈ ।

ਇਹਨਾਂ ਖੇਡਾਂ ਦੀ ਸਫਲਤਾ ਦਾ ਜ਼ਿਕਰ ਆਂਧਰਾ ਕਰਨਾਟਕ ਅਤੇ ਦਿਲੀ ਦੀਆਂ ਚੋਣਾਂ ਸਮੇਂ ਕਾਂਗਰਸ ਪਾਰਟੀ ਵਲੋਂ ਅਕਸਰ ਕੀਤਾ ਜਾਂਦਾ ਰਿਹਾ ਹੈ । ਏਸ਼ੀਆਡ ਨੂੰ ਭਾਰਤ ਸਰਕਾਰ ਦੀ ਇਕ ਅਹਿਮ ਪ੍ਰਾਪਤੀ ਦਸਿਆ ਜਾਂਦਾ ਰਿਹਾ ਹੈ । ਇਹ ਹੈ ਵੀ ਮਹਾਨ ਪ੍ਰਾਪਤੀ ਸੀ ।

ਪਰ ਗਲ ਕੇਵਲ ਏਸ਼ੀਆਡ ਖੇਡਾਂ ਦੀ ਸਫਲਤਾ ਦਰਸਾਉਣ ਦੀ ਤਾਂ ਨਹੀਂ । ਉਹ ਤਾਂ ਸਭ ਨੂੰ ਪਤਾ ਹੈ ਕਿ ਸਫਲ ਆਯੋਜਨ ਸੀ । ਏਸ਼ੀਆਡ ਦੀ ਸਫਲਤਾ ਦੀ ਮਿਸਾਲ ਦੇਣ ਦੀ ਥਾਂ ਜੇ ਸਰਕਾਰ ਦੇਸ਼ ਦੇ ਪਰਬੰਧ ਨੂੰ ਵੀ ਏਸ਼ੀਆਡ ਵਰਗੀ ਪਰਬੀਨਤਾ ਅਤੇ ਕੁਸ਼ਲਤਾ ਨਾਲ ਚਲਾਵੇ ਤਾਂ ਲੋਕਾਂ ਨੂੰ ਉਹ ਆਪਣੇ ਆਪ ਦਿਸ ਪੈਣਾ ਹੈ ਜਿਵੇਂ ਖੇਡਾਂ ਦਿਸ ਪਈਆਂ ਸਨ । ਬਗੈਰ ਕਿਸੇ ਦੇ ਪ੍ਰਚਾਰ ਜਾਂ ਪ੍ਰਾਪੋਗੰਡੇ ਚੋ ਵੀ ਸਭ ਦਰਸ਼ਕ ਏਸ਼ੀਆਡ ਦੇ ਸੰਚਾਲਣ ਵੀ ਜ਼ਿਫਤ ਕਰਦੇ ਸਨ । ਜੇ ਦੇਸ਼ ਦਾ ਸੰਚਾਲਣ ਵੀ ਉਵੇਂ ਹੀ ਹੋਵੇ ਤਾਂ ਫੇਰ ਕਿਸੇ ਲੀਡਰ ਕਿਸੇ ਅਖਬਾਰ ਜਾਂ ਰੇਡੀਓ ਟੈਲੀਵੀਯਨ ਚੋ ਪਰਚਾਰ ਤੋਂ ਬਿਨਾਂ ਹੀ ਅਪਣੇ ਆਪ ਲੋਕਾਂ ਨੂੰ ਪਤਾ ਲਗ ਜਾਣਾ ਹੈ ਕਿ ਇਹ ਵਧੀਆ ਗਲ ਹੋ ਰਹੀ ਹੈ ।

ਨੇਤਾਵਾਂ ਨੂੰ ਚਾਹੀਦਾ ਹੈ ਕਿ ਏਸ਼ੀਆਡ ਦੀ ਸਫਲਤਾ ਦਾ ਢੋਲ ਵਜਾਉਣ ਨਾਲੋਂ ਹੁਣ ਦੇਸ਼ ਦੀ ਹਾਲਤ ਠੀਕ ਤਰ੍ਹਾਂ ਚਲਾਉਣ । ਰਾਜਨੀਤਕ ਪਿੜ ਵਿਚ ਵੀ ਵੱਖ ਵੱਖ ਟੀਮਾਂ ਦੀ ਕਾਰ ਕਰਦਗੀ ਉਹਨਾਂ ਦੀ ਖੇਡ ਤੋਂ ਲੋਕਾਂ ਨੂੰ ਆਪੇ ਦਿਸ ਪੈਂਦੀ ਹੈ ਇਸ ਬਾਰੇ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ।

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਪਿਛਲੇ ਦਿਨੀਂ ਪਰਬੰਧ ਸੁਧਾਰਨ ਵਲ ਜਤਨ ਅਰੰਭ ਹੋਏ ਹਨ । ਆਸ ਕੀਤੀ ਜਾਣੀ ਚਾਹੀਦੀ ਹੈ ਕਿ ਜਿਵੇਂ ਉਹਨਾਂ ਨਿਜੀ ਦਿਲਚਸਪੀ ਲੈ ਕੇ ਏਸ਼ੀਆਡ ਨੂੰ ਕਾਮਯਾਬ ਕੀਤਾ ਸੀ ਉਵੇਂ ਹੀ ਇਸ ਸਫਲਤਾ ਦਾ ਪਸਾਰ ਸਾਰੇ ਦੇਸ਼ ਵਿਚ ਕਰਣਗੇ ਜਿਸ ਦੇ ਉਹ ਸਮਰਥ ਵੀ ਹਨ ।

— ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਚਾਨਣ ਦਾ ਸੰਦੇਸ਼

ਸੂਰਜ ਦੀ ਪਹਿਲੀ ਕਿਰਨ ਦਾ ਪ੍ਰਕਾਸ਼,
ਅੰਧਕਾਰ ਦੇ ਵਿਨਾਸ਼ ਦਾ ਸੁਨੇਹਾ ਹੁੰਦਾ ਹੈ।

ਬਸੰਤ ਦੀ ਆਮਦ ਖ਼ਿਜ਼ਾਂ ਦੇ ਕੂਚ ਦਾ ਸੰਦੇਸ਼ ਹੁੰਦਾ ਹੈ।

ਕਲੇਸ਼ਾਂ ਅਤੇ ਪਾਪਾਂ ਵਿਚ ਗ੍ਰਸੀ ਹੋਈ ਮਾਨਵਤਾ ਵਾਸਤੇ ਸੱਚ-ਚਾਨਣ ਦੇ ਵਣਜਾਰੇ ਰਬੀ ਰਹਿਮਤ ਦਾ ਪੈਗਾਮ ਹੁੰਦੇ ਹਨ।

ਸੰਨ ੧੮੧੬ ਦੀ ਬਸੰਤ ਪੰਚਮੀ ਅਜਿਹੇ ਪੈਗਾਮ ਨਾਲ ਹੀ ਪੁਨੀਤ ਹੋਈ ਜਦ ਲੁਧਿਆਣੇ ਜ਼ਿਲੇ ਦੇ ਇਕ ਗੁਮਨਾਮ ਪਿੰਡ ਰਾਈਆਂ ਵਿਚ ਸਤਿਗੁਰੂ ਰਾਮ ਸਿੰਘ ਦਾ ਪ੍ਰਕਾਸ਼ ਹੋਇਆ।

ਆਪ ਦੀ ਆਮਦ

ਮੁਨੁੱਖ ਜਾਤੀ ਨੂੰ ਆਪਣਾ ਮੂਲ ਪਛਾਨਣ ਦਾ ਸੁਨੇਹਾ ਸੀ, ਇਹ ਹੱਕ ਸਚਾਈ ਅਤੇ ਆਜ਼ਾਦੀ ਲਈ ਮਰ ਮਿਟਣ ਦਾ ਹੋਕਾ ਸੀ। ਜ਼ੁਲਮ ਅਤੇ ਗੁਲਾਮੀ ਵਿਰੁਧ ਲਲਕਾਰ ਸੀ।

ਸੂਰਜ ਵਰਗਾ ਤੱਪ ਤੇਜ
ਧਰਤੀ ਜੇਹੀ ਸਾਦਗੀ
ਸੱਚ ਵਰਗੀ ਪਵਿਤਰਤਾ

ਅਜਿਹੇ ਗੁਣਾਂ ਦਾ ਸੰਚਾਰ ਅਤੇ ਮਰਿਆਦਾ ਬਧ ਸੰਜਮੀ ਜੀਵਨ ਜੀਊਨ ਦੀ ਜਾਚ ਸੀ।

ਸਾਤਵਿਕ ਆਹਾਰ ਵਿਚਾਰ ਅਤੇ ਆਚਾਰ ਦੁਆਰਾ ਪਣਪੀ, ਸਿਮਰਨ ਅਤੇ ਸੇਵਾ ਦੁਆਰਾ ਪ੍ਰਫੁਲਤ ਹੋਈ, ਕੁਲ ਜੀਵ ਮਾਤ੍ਰ ਪ੍ਰਤੀ ਅਹਿੰਸਾ ਅਤੇ ਪ੍ਰੇਮ ਦੀ ਭਾਵਨਾ, ਸਰਬਤ ਦੇ ਭਲੇ ਦਾ ਹੀ ਸੰਦੇਸ਼ ਸੀ।

ਇਸਤਰੀ ਜਾਇਦਾਦ ਨਹੀਂ, ਇਹ ਮਰਦ ਦਾ ਬਰਾਬਰ ਦਾ ਭਾਗ ਹੈ। ਵਿਆਹ ਸੌਦਾ ਨਹੀਂ ਆਤਮਕ ਰਿਸ਼ਤਾ ਹੈ। ਇਸ ਨੂੰ ਸਾਦਾ ਅਡੰਬਰ-ਰਹਿਤ ਅਤੇ ਆਨੰਦ-ਮਈ ਬਣਾਓ। ਝੂਠੀਆਂ ਫਜ਼ੂਲ ਰਸਮਾਂ ਦੀ ਜਕੜ ਚੋਂ ਨਿਕਲੋ। ਇਹ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਸੰਦੇਸ਼ ਸੀ।

ਆਰਥਕ, ਸਮਾਜਕ, ਰਾਜਨੀਤਕ ਅਤੇ ਅਧਿਆਤਮਕ ਇਨਕਲਾਬ ਦੇ ਇਸ ਜਨਮਦਾਤਾ ਨੂੰ ਦੇਸ਼ ਨਿਕਾਲਾ ਦਿਤਾ ਗਿਆ।

ਸੱਚ ਦੇ ਰਾਹੀ, ਪੈਰੋਕਾਰਾਂ ਨੂੰ ਫਾਂਸੀਆਂ ਤੇ ਚਾੜ੍ਹਿਆ ਗਿਆ, ਤੋਪਾਂ ਨਾਲ ਉੜਾਇਆ ਗਿਆ ਅਤੇ ਕਾਲ ਕੋਠੜੀਆਂ ਵਿਚ ਬੰਦ ਕੀਤਾ ਗਿਆ।

ਪਰ ਸਤਿਗੁਰੂ ਰਾਮ ਸਿੰਘ ਜੀ ਦਾ ਸੰਦੇਸ਼, ਜ਼ੁਲਮ ਅਤੇ ਅੰਧਕਾਰ ਵਿਰੁਧ ਸਦਾ ਹੀ ਚਾਨਣ ਬਿਖੇਰਦਾ ਰਹੇਗਾ।

—ਜ. ਸ.

Sri Satguru Jagjit Singh Ji Elibrary NamdhariElibrary@gmail.com

ਸਜ਼ਾ ਕਿੰਨੀ ਕੁ ਬਾਕੀ ਹੈ ?

—ਤਾਰਾ ਸਿੰਘ—

ਜਿਨ੍ਹਾਂ ਦੇ ਕੱਦ ਛੋਟੇ ਸੀ,
ਉਹਨਾਂ ਨੇ ਚਾਰ ਇਟਾਂ ਰਖੀਆਂ ਪੈਰਾਂ ਤਲੇ,
ਤੇ ਹੋ ਗਏ ਬਾਲਗ ।

ਤੇਰੇ ਦਰ 'ਤੇ ਕੁਵੇਲੇ ਪਹੁੰਚਿਆਂ ਸਾਂ,
ਉਦੋਂ ਤੂੰ ਕੁਲ ਖੁਸ਼ੀਆਂ, ਅਮ੍ਰਿਤਾਵਾਂ ਵੰਡ ਚੁਕਿਆ ਸੀ ।

ਚਲੋ ! ਪਛੱੜ ਕੇ ਆਇਆ ਸਹੀ,
ਮੈਂ ਤੇਰੇ ਦੁਆਰ ਆਇਆ ਸਾਂ ।

ਤੂੰ ਮੇਰੀ ਪੱਛੜੀ ਕਿਸਮਤ ਨਿਬਾਲਗ ਬੁੱਧ ਨੂੰ ਆਖਰ,
ਕੋਈ ਵਰਦਾਨ ਦਿਤਾ ਸੀ ।

ਮੇਰੀ ਨਾਬਾਲਗੀ ਤੇ ਫੇਰ ਤੈਨੂੰ ਤਰਸ ਆਇਆ ਸੀ ।

Sri Satguru Jagjit Singh Ji Elibrary NamdhariElibrary@gmail.com



ਤੂੰ ਆਪੇ ਆਖਿਆ ਸੀ,
ਬੁੱਧਿ, ਬੁੱਤ, ਬਾਲਗ ਬਣਾ ਕੇ ਰੱਖ।
ਮੈਂ ਮੁੜ ਕੇ ਫੇਰ ਆਵਾਂਗਾ।

ਮੈਂ ਇਹ ਤਾਂ ਜਾਣਦਾ ਹਾਂ,
ਮੈਂ ਤੇਰੇ ਦਰ 'ਤੇ ਅਜੇ ਪਰਵਾਣ ਹੋਣਾ ਹੈ।
ਤੇਰੀ ਗਡਵੈਲ ਜਿੱਧਰ ਤੁਰ ਗਈ ਹੈ,
ਉਸ ਪਾਸੇ ਵੀ ਮੇਰੀ ਨਾਬਾਲਗੀ ਹੈ,
ਉਸ ਪਾਸੇ ਵੀ ਮੈਂ ਤੇਰੇ ਹਾਣ ਹੋਣਾ ਹੈ।

ਮੈਂ ਅੰਮ੍ਰਿਤਸਰ ਸਰੋਵਰ ਦੇ ਜਦੋਂ ਸ਼ੀਸ਼ੇ ਨੂੰ ਤਕਦਾ ਹਾਂ,
ਤਾਂ ਇਸ ਵਿਚ ਵੀ ਮੇਰਾ ਚਿਹਰਾ ਨਹੀਂ ਹੁੰਦਾ।
ਰੱਕੜ ਦੇ ਭਰੇ ਮਜਮੇ 'ਚ ਵੀ,
ਨਾਬਾਲਗੀ ਸਹਿਮੀ ਹੋਈ ਹੈ, ਚੁਪ ਬੈਠੀ ਹੈ।
ਤੁਸੀਂ ਜਾਂਦੇ ਹੋਏ ਕੁਝ ਕਹਿ ਗਏ ਸੀ ?
ਅਜੇ ਪਛੜੀ ਹੋਈ ਕਿਸਮਤ ਨੇ,
ਸੂਰਜ ਦੀ ਤਪਸ਼ 'ਚੋਂ ਪਾਰ ਹੋਣਾ ਹੈ।
ਮੈਂ ਮੜ ਕੇ ਫੇਰ ਆਵਾਂਗਾ
ਤੂੰ ਬੁਧਿ ਬਾਲਗ ਬਣਾ ਕੇ ਰਖ।
ਮੈਂ ਮੁੜ ਕੇ ਫੇਰ ਆਵਾਂਗਾ

ਸ਼ਹੀਦ ਬਿਸ਼ਨ ਸਿੰਘ

ਗੀਤ

ਤੁਲੀ

ਲੱਖ ਕਾਵਨ ਕੜਕੇ ਭੜਕੇ ਨੀ-ਢੋਲਕ ਤੇ ਛੈਣੇ ਖੜਕੇ ਨੀ
ਇੱਕ ਸ਼ੋਅਲਾ ਕੋਟਲੇ ਭੜਕੇ ਨੀ,
ਸ਼ੋਅਲਾ ਉਹ ਰਾਤਾਂ ਚੀਰ ਗਿਆ
ਸਾਡੀ ਉਹ ਪਲਟ ਤਕਦੀਰ ਗਿਆ।

ਮਾਂ ਖੇਮ ਕੌਰ ਦੇ ਲੜਕੇ ਨੀ, ਕਾਵਨ ਦੀ ਦਾੜ੍ਹੀ ਫੜਕੇ ਨੀ
ਪੱਟ ਗਿਆ ਗੁਲਾਮੀ ਚੜਕੇਨੀ, ਤੇਗਾਂ ਦੀ ਬਣ ਤਸਵੀਰ ਗਿਆ
ਸਾਡੀ ਉਹ ਪਲਟ ਤਕਦੀਰ ਗਿਆ।
ਮੁੱਖ ਬਿਸ਼ਨ ਸਿੰਘ ਦਾ ਪੜ੍ਹਕੇ ਨੀ ਬਿੱਲਿਆਂ ਦੇ ਕਾਲਜੇ ਧੜਕੇ ਨੀ
ਗਲ ਚੜ੍ਹ ਕਾਵਨ ਦੇ ਗੜਕੇ ਨੀ,
ਬਣ ਅਣਖਾਂ ਦੀ ਸ਼ਮਸ਼ੀਰ ਗਿਆ
ਸਾਡੀ ਉਹ ਪਲਟ ਤਕਦੀਰ ਗਿਆ।
ਜੁਲਮਾਂ ਦੀ ਹਿੱਕ ਤੇ ਚੜ੍ਹ ਕੇ ਨੀ,
ਲੱਖ ਨੂਰ ਮਿਲੇ ਸੜ ਸੜ ਕੇ ਨੀ
ਤੋਪਾਂ ਚੋਂ ਜਨਮੇਂ ਤੜਕੇ ਨੀ ਕੂਕਾ ਜਦ ਬ੍ਰੰਨ ਵਹੀਰ ਗਿਆ
ਸਾਡੀ ਪਲਕ ਝਪਕਦੀਰ ਗਿਆ।

Sri Satguru Jagjit Singh Ji Elibrary NamdhariElibrary@gmail.com

"ਅਵਸਰ-ਵਾਦੀ"

—ਤਰਲੋਕ ਮਨਸੂਰ—

ਆ ਮੇਰੇ ਸੱਚ ਤੈਨੂੰ ਅਪਨਾਵਾਂ ।
ਹੋਰ ਕਿਸੇ ਦਰ ਤੇ ਨਾ ਜਾਵਾਂ ।
ਝੂਠ-ਪੁਜਾਰੀ ਪੱਥਰ ਮਾਰਨ,
ਲੋੜ ਪਈ ਸੂਲੀ ਚੜ੍ਹ ਜਾਵਾਂ ।
ਆਰੇ ਹੇਠਾਂ ਤਨ ਚਿਰਵਾਵਾਂ ।
ਪਲੂ ਤੇਰਾ ਮੂਲ ਨਾ ਛਡਾਂ,
ਵਗਣ ਕਿੰਨੀਆਂ ਤੁਦ ਹਵਾਵਾਂ ।
ਆ ਮੇਰੇ ਸੱਚ ਤੈਨੂੰ ਅਪਨਾਵਾਂ ।

ਝੂਠ ਮੇਰੇ ਤੈਥੋਂ ਬਲਿਹਾਰੀ ।
ਤੂਹੇ ਮੇਰੀ ਪੈਜ ਸਵਾਰੀ ।
ਤੇਰੇ ਸਦਕੇ ਮਾਇਆ ਜੋੜੀ,
ਨਿਰਧਨ ਤੋਂ ਧਨਵਾਨ ਹਾਂ ਹੋਇਆ,
ਸੈਅ-ਹਜ਼ਾਰਾਂ--ਲਖ-ਕਰੋੜੀ ।
ਵਗਣ ਕਿੰਨੀਆਂ ਤੁੰਦ ਹਵਾਵਾਂ
ਤੈਨੂੰ ਮੂਲ ਨਾਂ ਪਿੱਠ ਵਿਖਾਵਾਂ

ਸਚ ਝੂਠ ਦੋਨੋਂ ਹੀ ਭਾਈ ।
ਦੂਹਾਂ ਸੰਗ ਹੈ ਪ੍ਰੀਤ ਲਗਾਈ ।
ਜਿਸਦੀ ਲੋੜ ਪਵੇ ਉਸਨੂੰ ਸਤਿਕਾਰਾਂ ।
ਮੌਕਾ ਵੇਖਕੇ ਚਾਲ ਚਲਾਵਾਂ ।
ਸਦਾ ਹੀ ਜਿਤਾਂ, ਕਦੇ ਨਾਂ ਹਾਰਾਂ ।
ਨਿਪਟ ਸਚ ਦਾ ਪਲੂ ਫੜਕੇ,
ਆਪਣੇ ਆਪ ਬਣਾ ਕਿਉਂ ਮੂਰਖ ?
ਆਦਰਸ਼-ਕੰਧ ਨੂੰ ਟਕਰਾਂ ਮਾਰਾਂ ?
ਜਿਤਦੀ ਬਾਜ਼ੀ ਮੈਂ ਕਿਉਂ ਹਾਰਾਂ ?
ਨਿਜ-ਸੁਆਰਥ ਮੈਂ ਅਪਨਾਵਾਂ ।
ਵਗਣ ਕਿਨੀਆ ਤੁੰਦ ਹਵਾਵਾਂ ।
ਮੁੜ ਮੁੜ ਇਸਨੂੰ ਗਲ ਨਾਲ ਲਾਵਾਂ ।

ਗੀਤ

—ਸੁਰਿੰਦਰ ਸਾਗਰ

ਕੌਣ ਥੋਡੇ ਮੰਡਲਾਂ 'ਚ ਧੂੜਦੈ ਪਿਲੱਤਣਾਂ,
ਕੌਣ ਥੋਡੀ ਡੰਗਦੈ ਬਹਾਰ ਮੋਸਮੋਂ ।
ਕੌਣ ਥੋਡੇ ਲੁੱਟਦੈ ਸ਼ਿੰਗਾਰ ਮੋਸਮੋਂ ?
ਕੌਣ ਲੂੰਹਦਾ ਨੱਚਦਾ ਹੈ ਰੂਹ ਹਵਾਵਾਂ ਦੀ
ਤਾਪਦਾ ਹੈ ਕੌਣ ਹਿੱਕੜੀ ਘਟਾਵਾਂ ਦੀ
ਕੌਣ ਕਰੇ ਜ਼ਖਮੀ ਫੁਹਾਰ ਮੋਸਮੋਂ ?
ਕੌਣ ਜੋ ਬਰੂਦੀ ਨਰਦਾਂ ਵਿਛਾ ਤਿਹੈ
ਕੌਣ ਸੁਹਲੇ ਛੱਡ ਜੰਗਨਾਮੇ ਗਾ ਰਿਹੈ
ਮੰਗਦੈ ਚੁਪਾਸਾ ਧੂੰਆਂਧਾਰ ਮੋਸਮੋਂ ?
ਧਰਤੀ ਦਾ ਪੁਤ ਤਾਰਿਆਂ ਨੇ ਮੋਹ ਲਿਆ
ਆਦਮੀ ਤੋਂ ਕੀਹਨੇ ਆਦਮੀ ਨੂੰ ਖੋਹ ਲਿਆ
ਬੈਠਾ ਮਹਿਕ ਮਿੱਟੀ ਦੀ ਵਿਸਾਰ ਮੋਸਮੋਂ ?
ਕੌਣ ਕਿੱਥੋਂ ਸਾੜਿਆਂ ਦੇ ਬੀਜ ਬੋ ਗਿਆ
ਵੇਲੇ ਦੀਆਂ ਅੱਖੀਆਂ 'ਚ ਅੱਕ ਚੋ ਗਿਆ
ਉੱਡ ਪੁੱਡ ਗਿਆ ਕਿੱਥੇ ਪਿਆਰ ਮੋਸਮੋਂ ?
ਕੌਣ ਥੋਡੇ ਲੁੱਟਦੈ ਸ਼ਿੰਗਾਰ ਮੋਸਮੋਂ ? ?

ਪਿੰਡ ਤੇ ਡਾਕਟਰ ਹਰੀਪੁਰ ਨਾਇਕ
ਜ਼ਿਲਾ ਨੈਨੀਤਾਲ ਯੂ. ਪੀ:

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਲਹਿਰ ਤੇ ਅਜ਼ਾਦੀ ਸੰਗਰਾਮ

—ਕਾਮਰੇਡ ਸੋਹਣ ਸਿੰਘ 'ਜੋਸ਼'—

ਕਾਮਰੇਡ ਜੋਸ਼ ਦਾ ਇਹ ਲੇਖ ਭਾਵੇਂ ਅਗੇ ਪ੍ਰਕਾਸ਼ਤ ਹੋ ਚੁਕਾ ਹੈ ਪਰ ਫੇਰ ਵੀ ਅਸੀਂ ਵਰਿਆਮ ਵਿਚ ਮੁੜ ਪ੍ਰਕਾਸ਼ਨ ਦੀ ਖੁਸ਼ੀ ਲੈ ਰਹੇ ਹਾਂ। ਜੋਸ਼ ਜੀ ਦੇ ਇਸ ਲੇਖ ਦੀ ਭਾਵੇਂ ਏਨੀ ਮਹੱਤਤਾ ਹੈ ਕਿ ਇਹ ਮੁੜ ਮੁੜ ਛਪਣ ਨਾਲ ਵੀ ਬੇਹਾ ਨਹੀਂ ਹੁੰਦਾ ਪਰ ਇਸ ਵਾਰ ਇਥੇ ਛਾਪਣ ਦਾ ਹੋਰ ਕਾਰਨ ਵੀ ਹੈ। ਇਹ ਲੇਖ ਸਭ ਤੋਂ ਪਹਿਲਾਂ ਡਾ: ਅਮਰ ਭਾਰਤੀ ਦੇ ਪੁਰਸ਼ਾਰਥ ਨਾਲ ਸ਼ਤਾਬਦੀ ਨਿਊਜ਼ ਦੇ ਮਾਰਚ-ਅਪਰੈਲ-ਮਈ ੧੯੭੨ ਵਿਸ਼ੇਸ਼ ਅੰਕ ਵਿਚ ਪ੍ਰਕਾਸ਼ਤ ਹੋਇਆ ਸੀ। ਇਸ ਤੋਂ ਚਾਰ ਕੁ ਸਾਲ ਬਾਅਦ ਇਹ ਇਕ ਰੋਜ਼ਾਨਾ ਅਤੇ ਇਕ ਮਾਸਕ ਪੱਤਰ ਵਿਚ ਮੁੜ ਪ੍ਰਕਾਸ਼ਤ ਹੋਇਆ। ਪਰ ਮੂਲ ਸੋਮੇ ਤੋਂ ਕੀਤੇ ਉਤਾਰੇ ਦੀ ਆਖਰੀ ਸਲਿਪ ਅਗਾਂਹ ਪਿਛਾਂ ਹੋਣ ਕਾਰਨ ਇਹ ਅਧੂਰਾ ਹੀ ਛਪਦਾ ਰਿਹਾ। ਇਸੇ ਹੀ ਮਾਸਕ ਪੱਤਰ ਤੋਂ ਨਕਲ ਕਰ ਕੇ ਲੁਧਿਆਣੇ ਤੋਂ ਨਿਕਲਦੇ ਛੇ ਮਾਸਕ ਪੱਤਰ ਨਿਰੀਖਿਅਕ ਨੇ ਵੀ ਜਦੋਂ ਇਹ ਲੇਖ ਅਧੂਰੇ ਰੂਪ ਵਿਚ ਹੀ ਛਾਪਿਆ ਤਾਂ ਇਹ ਖਦਸ਼ਾ ਪੈਦਾ ਹੋ ਗਿਆ ਕਿ ਇਸ ਲੇਖ ਦਾ ਇਹ ਹੀ ਰੂਪ ਕਿਤੇ ਪ੍ਰਚਲਤ ਨਾ ਹੋ ਜਾਵੇ। ਇਵੇਂ ਤਾਂ ਲੇਖਕ ਅਤੇ ਨਾਮਧਾਰੀ ਇਤਿਹਾਸ ਦੋਹਾਂ ਨਾਲ ਬੇ ਇਨਸਾਫੀ ਹੋਵੇਗੀ। ਇਸੇ ਕਰਕੇ ਅਸੀਂ ਸ਼ਤਾਬਦੀ ਨਿਊਜ਼ ਦੇ ਧਨਵਾਦ ਸਹਿਤ ਇਹ ਲੇਖ ਪੂਰੇ ਦਾ ਪੂਰਾ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

—ਸੰਪਾਦਕ

—ਕੂਕਾ ਲਹਿਰ ਉਸ ਵੇਲੇ ਵਜੂਦ ਵਿਚ ਆਈ ਜਦੋਂ ਪੰਜਾਬ ਰਾਜਸੀ ਤੇ ਸਭਿਆਚਾਰਕ ਤੌਰ ਤੇ ਬਿਲਕੁਲ ਬੇਹਿਸ ਤੇ ਬੇਹੌਸਲਾ ਹੋ ਚੁੱਕਾ ਸੀ, ਅੰਗਰੇਜ਼ਾਂ ਦੀ ਰਾਜਸੀ ਸਭਿਆਚਾਰਕ ਤੇ ਫੌਜੀ ਗੁਲਾਮੀ ਪੂਰੀ ਤਰ੍ਹਾਂ ਕਬੂਲ ਕਰ ਚੁਕਾ ਸੀ ਅਤੇ ਪੰਜਾਬ ਦੀ ਰਾਜਾਸ਼ਾਹੀ ਤੇ ਜਾਗੀਰਦਾਰੀ ਨੇ ਪੰਜਾਬੀ (ਤੇ ਖਾਸ ਕਰ ਸਿੱਖ) ਜਨਤਾ ਨੂੰ ਆਪਣੇ ਸੁਆਰਥਾਂ ਦੀ ਖਾਤਰ, ਆਪਣੇ ਪੰਜੇ ਸ਼ਕੰਜੇ ਵਿਚ ਜਕੜ ਲਿਆ ਸੀ। ਸਿੱਖ ਆਪਣੇ ਗੁਰੂਆਂ ਦੇ ਉਘੇ ਅਸੂਲਾਂ ਨੂੰ ਵਿਸਾਰ ਚੁਕੇ ਸਨ ਅਤੇ ਜ਼ੁਲਮ ਤੇ ਗੁਲਾਮੀ ਦੇ ਖਿਲਾਫ ਲੜਨ ਦੀ ਥਾਂ ਅੰਗਰੇਜ਼ ਰਾਜ ਦੇ ਗੋਲੇ ਤੇ ਰਖਿਅਕ ਬਣ ਗਏ ਸਨ।

੧੮੪੮-੪੯ ਵਿਚ ਸਿੱਖ ਰਾਜ ਦਾ ਭੋਗ ਪੈ ਗਿਆ। ਅੰਗਰੇਜ਼ ਹਾਕਮਾਂ ਦੀਆਂ ਕੂਟਲ ਨੀਤੀਆਂ ਤੇ ਸ਼ਤਰੰਜੀ ਚਾਲਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ। ਰਾਜ ਖੁਸਿਆ ਵੇਖ ਕੇ ਅਤੇ ਤਾਕਤ ਦਾ ਚਿੰਨ੍ਹ ਤਲਵਾਰ ਖੋਹੀ ਜਾਣ ਤੇ ਸਿੱਖ ਸਰਦਾਰਾਂ ਨੇ ਕੁੱਥਾਂ ਮਾਰੀਆਂ ਅਤੇ ਬੇਦਿਲ ਹੋ ਕੇ, ਜਿਹੜੇ ਬਚੇ ਰਹੇ ਘਰਾਂ ਨੂੰ ਚਲੇ ਗਏ। ਇਕ ਸਰਦਾਰ ਮਹਾਰਾਜ ਸਿੰਘ ਸੀ ਜਿਸ ਨੇ ਅੰਗਰੇਜ਼ ਰਾਜ ਦੀ ਆਪਣੇ ਬਹਾਦਰ ਸਾਥੀਆਂ ਸਮੇਤ, ਕੋਈ ਦੀਨ ਤੇ ਗੁਲਾਮੀ ਨਾ ਮੱਨੀ ਅਤੇ ਅੰਤਲੇ ਸੁਆਸਾਂ ਤੱਕ ਲੜਦਾ ਰਿਹਾ।

੧੮੫੭ ਵਿਚ ਗ਼ਦਰ ਯਾਨੀ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦਾ ਆਰੰਭ ਹੋ ਗਿਆ, ਸਿੱਖ ਰਾਜ ਨੂੰ ਖੁਸਿਆਂ ਅਜੇ ਸਿਰਫ ਸੱਤ ਕੁ ਸਾਲ ਹੀ ਗੁਜ਼ਰੇ ਸਨ। ਕੰਵਰ ਦਲੀਪ ਸਿੰਘ ਨੂੰ ਖੋਹ ਖੜਨ ਤੇ ਰਾਣੀ ਜਿੰਦਾਂ ਨੂੰ ਜਲਾਵਤਨ ਕਰਨ ਦੇ ਜ਼ਖਮ ਅਜੇ ਅੱਲੇ ਸਨ। ਸ਼ਿਕਸਤ ਖਾ ਜਾਣ ਪਿਛੋਂ ਜੋ ਜ਼ੁਲਮ ਅੰਗਰੇਜ਼ਾਂ ਨੇ ਪੰਜਾਬ ਦੇ ਸੂਰਬੀਰ ਪੁੱਤਰਾਂ ਤੇ ਢਾਏ ਸਨ ਉਹ ਅਜੇ ਭੁੱਲੇ ਨਹੀਂ ਸਨ। ਇਹਨਾਂ ਜ਼ੁਲਮਾਂ ਦਾ ਹਿਸਾਬ ਚੁਕਾਣ ਦਾ ਗ਼ਦਰ ਨੇ ਸੋਹਣਾ ਮੌਕਾ ਮੁਹੱਈਆ ਕੀਤਾ ਸੀ, ਪਰ ਇਸ ਤੋਂ ਫਾਇਦਾ ਨਾ ਉਠਾਇਆ ਗਿਆ। ਲੀਡਰਸ਼ਿਪ ਰਾਜਿਆਂ ਤੇ ਜਗੀਰਦਾਰਾਂ ਦੇ ਹੱਥ ਵਿਚ ਸੀ। ਉਹਨਾਂ ਨੂੰ ਆਪਣੇ ਸੁਆਰਥਾਂ ਨਾਲ ਪਿਆਰ ਸੀ, ਆਜ਼ਾਦੀ ਲਈ ਨਹੀਂ।

Sri Satguru Jagjit Singh Ji Elibrary NamdhariElibrary@gmail.com

ਉਹਨਾਂ ਨੇ ਗ਼ਦਰੀਆਂ ਦੇ ਇਸ ਸੰਗਰਾਮ ਵਿਚ ਸ਼ਾਮਲ ਹੋਣ ਦੀਆਂ ਸਭ ਪੇਸ਼ਕਸ਼ਾਂ ਠੁਕਰਾ ਦਿਤੀਆਂ, ਡਟ ਕੇ ਅੰਗਰੇਜ਼ ਦਾ ਸਾਥ ਦਿਤਾ ਅਤੇ ਹਿੰਦੁਸਤਾਨ ਨੂੰ ਗ਼ੁਲਾਮੀ ਦੇ ਮਜ਼ਬੂਤ ਸ਼ਕੰਜੇ ਵਿਚ ਕਸ ਕੇ ਜਕੜ ਦਿਤਾ। ਇਕੜ ਦੁਕੜ ਪੰਜਾਬੀ ਫੌਜਾਂ ਵਿਚ ਬਗ਼ਾਵਤਾਂ ਹੋਈਆਂ ਬਾਗ਼ੀ ਸੂਰਬੀਰਾਂ ਨੂੰ ਬੇਕਿਰਕੀ ਨਾਲ ਗੋਲੀਆਂ ਦਾ ਸ਼ਿਕਾਰ ਬਣਾ ਕੇ ਕੁਚਲ ਦਿਤਾ ਗਿਆ। ਉਹ ਸ਼ਹੀਦ ਹੋ ਗਏ, ਪਰ ਉਹਨਾਂ ਨੇ ਅਗਲੀਆਂ ਸੰਤਾਨਾਂ ਦੇ ਪੰਜਾਬ ਦੇ ਮੱਥੇ ਤੇ ਇਤਿਹਾਸ ਵਲੋਂ ਬਿਲਕੁਲ ਹੀ ਕਾਲਖ ਮਲੇ ਜਾਣ ਤੋਂ ਬਚਾ ਲਿਆ।

ਅੰਗਰੇਜ਼ ਹਾਕਮਾਂ ਨੇ ਆਪਣੀਆਂ ਲਿਖਤਾਂ ਵਿਚ ਬਾਰ-ਬਾਰ ਇਹ ਗੱਲ ਲਿਖੀ ਹੈ ਕਿ ਜੇ ਗ਼ਦਰ ਦੇ ਦਿਨਾਂ ਵਿਚ ਅੰਗਰੇਜ਼ਾਂ ਨੂੰ ਪੰਜਾਬ ਨਾ ਬਹੁੜਦਾ ਤਾਂ ਅੰਗਰੇਜ਼ਾਂ ਲਈ ਹਿੰਦੁਸਤਾਨ ਵਿਚ ਕੋਈ ਥਾਂ ਨਹੀਂ ਸੀ। ਗ਼ਦਰ ਥਾਂ ਥਾਂ ਕਾਮਯਾਬ ਹੋ ਰਿਹਾ ਸੀ। ਦਿੱਲੀ ਘੇਰੀ ਜਾ ਰਹੀ ਸੀ। ਅੰਗਰੇਜ਼ ਰਾਜ ਦਾ ਸਿੰਘਾਸਨ ਡਾਵਾਂਡੋਲ ਹੋ ਚੁਕਾ ਸੀ। ਸਿਖਾਂ ਨੂੰ ਮੁਗ਼ਲਰਾਜ ਦੇ ਜ਼ੁਲਮ ਦਸ ਕੇ ਅਤੇ ਮੁਸਲਮਾਨਾਂ ਨੂੰ ਸਿਖਾਂ ਦੇ ਖਿਲਾਫ਼ ਚੁਕ ਕੇ ਅਤੇ ਰਾਜਿਆਂ ਨੂੰ ਹੱਥ ਵਿਚ ਲੈ ਕੇ ਆਜ਼ਾਦੀ ਦੀ ਇਸ ਪਹਿਲੀ ਜੰਗ ਨੂੰ ਕੁਚਲ ਦਿਤਾ ਗਿਆ ਅਤੇ ਅੰਗਰੇਜ਼ ਰਾਜ ਜਾਂਦਾ ਜਾਂਦਾ ਬਹਾਲ ਹੋ ਗਿਆ।

ਗ਼ਦਰ ਪਿਛੋਂ ਅੰਗਰੇਜ਼ ਅਫ਼ਸਰ ਹੋਰ ਸਾਵਧਾਨ ਹੋ ਗਏ। ਉਹਨਾਂ ਨੇ ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਸਾਰੇ ਹੋਰ ਜ਼ਰੂਰੀ ਸਾਧਨ ਜੁਟਾ ਲਏ। ਫੌਜ, ਪੁਲਸ, ਨੌਕਰਸ਼ਾਹੀ ਅਦਾਲਤਾਂ, ਜੇਲ੍ਹਾਂ ਦਾ ਭਾਰਤ ਵਿਚ ਸ਼ਾਲ ਤਾਣ ਦਿਤਾ ਗਿਆ। ਸੀ. ਆਈ. ਡੀ ਜਾਣੀ ਜਾਸੂਸੀ ਦੇ ਮਹਿਕਮੇ ਨੂੰ ਹੋਰ ਤਕੜਾ ਤੇ ਵਿਸ਼ਾਲ ਕਰ ਲਿਆ। ਪੰਜਾਬ ਵਿਚ ਸਦੀਵੀ ਕਰਫੀਊ, ਮਾਰਸ਼ਲ ਲਾਅ ਜੇਹੇ ਕਾਨੂੰਨਾਂ ਦਾ ਰਾਜ ਕਾਇਮ ਕਰ ਦਿਤਾ। ਜਮਹੂਰੀ ਤੇ ਸ਼ਹਿਰੀ ਆਜ਼ਾਦੀਆਂ ਖਤਮ ਕਰ ਦਿਤੀਆਂ ਗਈਆਂ। ਆਉਂਦੀ ਜਾਂਦੀ ਡਾਕ ਖੋਲ੍ਹ ਖੋਲ੍ਹ ਕੇ ਪੜ੍ਹੀ ਜਾਣ ਲਗ ਪਈ। ਉਤੋਂ ਐਲਾਨ ਇਹ ਕੀਤੇ ਗਏ ਕਿ ਹਕੂਮਤ ਕਿਸੇ ਦੇ ਮਜ਼ਹਬ ਵਿਚ ਕੋਈ ਦਖਲ ਨਹੀਂ ਦੇਵੇਗੀ। ਪਰ ਕੂਕਾ ਤੇ ਅਕਾਲੀ ਤਹਿਰੀਕਾਂ ਨੇ ਸਾਬਤ ਕੀਤਾ ਕਿ ਇਹੋ ਜਿਹੇ ਐਲਾਨਾਂ ਦਾ ਮਤਲਬ ਮਜ਼ਹਬ ਵਿਚ ਦਖ਼ਲ ਨਾ ਦੇਣਾ ਨਹੀਂ ਸੀ ਸਗੋਂ ਦਖਲ ਦੇਣਾ ਸੀ।

ਇਹ ਸਨ ਹਾਲਤ ਜਦੋਂ ਗੁਰੂ ਰਾਮ ਸਿੰਘ ਜੀ ਪੰਜਾਬ ਵਿਚ ਪੰਜਾਬ ਨੂੰ ਜਗਾਣ ਤੇ ਸਾਵਧਾਨ ਕਰਨ ਲਈ ਆਪਣਾ ਸੰਦੇਸ਼ ਲੈ ਕੇ ਮੈਦਾਨ ਵਿਚ ਉਤਰੇ। ਮੈਂ ਇਸ ਲੇਖ ਵਿਚ ਕੂਕਾ ਲਹਿਰ ਦੇ ਸਿਰਫ ਰਾਜਸੀ ਪਹਿਲੂ ਤੇ ਹੀ ਵਿਚਾਰ ਕਰਾਂਗਾ, ਧਾਰਮਕ ਪਹਿਲੂ ਤੇ ਨਹੀਂ। ਪਰ ਇਹ ਹਕੀਕਤ ਯਾਦ ਰਖਣੀ ਚਾਹੀਦੀ ਹੈ ਕਿ ਬੀਤੇ ਇਤਿਹਾਸ ਵਿਚ ਧਾਰਮਕ ਲਹਿਰਾਂ ਹੀ ਵਧ ਫੁਲ ਕੇ ਪਿਛੋਂ ਇਨਕਲਾਬੀ ਰੂਪ ਧਾਰਨ ਕਰ ਲੈਂਦੀਆਂ ਰਹੀਆਂ ਹਨ ਅਤੇ ਨਵੇਂ ਰਾਜ ਪਰਬੰਧ ਦੇ ਵਾਸਤੇ ਲੜਨ ਤੇ ਕਾਇਮ ਕਰਨ ਦਾ ਹਥਿਆਰ ਬਣ ਜਾਂਦੀਆਂ ਹਨ। ਕਾਰਨ ਇਹ ਹੈ ਕਿ ਬੀਤੇ ਸਮੇਂ ਵਿਚ ਆਮ ਲੋਕ ਧਾਰਮਕ ਮੁਹਾਵਰੇ ਸਿਖਿਆ ਅਤੇ ਪ੍ਰਵਚਨਾਂ ਨੂੰ ਸਮਝ ਕੇ ਇਕੱਠੇ ਤੇ ਜਥੇਬੰਦ ਹੋ ਸਕਦੇ ਸਨ, ਰਾਜਸੀ ਸਿਧਾਂਤਾਂ ਦੀਆਂ ਗੂੜ੍ਹ ਗੱਲਾਂ ਰਾਹੀਂ ਨਹੀਂ ਉਂਜ ਵੀ ਰਾਜਸੀ ਵਿਕਾਸ ਦੀ ਪੱਧਰ ਅਜੇ ਬੜੀ ਪਛੜੀ ਹੋਈ ਸੀ ਅਤੇ ਧਰਮ ਦਰੜੇ ਫਰੜੇ ਲੋਕਾਂ ਦੀ ਨਜਾਤ ਦਾ ਪੈਗਾਮ ਲੈ ਕੇ ਹੀ ਆਉਂਦਾ ਰਿਹਾ ਹੈ।

ਮਹਾਰਾਜ ਰਾਮ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਰਹਿ ਚੁਕੇ ਸਨ। ਉਹਨਾਂ ਨੇ ਸਿੱਖ ਰਾਜ ਦੀ ਝਲਕ-ਮਟਕ ਵੇਖੀ ਤੇ ਮਾਣੀ ਸੀ ਅਤੇ ਉਹ ਜਥੇਬੰਦੀ ਦੀ ਸ਼ਕਤੀ ਤੇ ਡਸਿਪਲਨ (ਬੰਧੇਜ) ਦੇ ਗੁਣਾਂ ਨੂੰ ਵੇਖ-ਜਾਣ ਚੁਕੇ ਸਨ। ਇਹੋ ਕਾਰਨ ਹੈ ਕਿ ਉਹਨਾਂ ਨੇ ਥੋੜੇ ਜਿਹੇ ਸਾਲਾਂ ਵਿਚ ਹੀ ਨਾਮਧਾਰੀਆਂ ਨੂੰ ਇਕ ਮਜ਼ਬੂਤ ਜਥੇਬੰਦੀ ਤੇ ਡਸਿਪਲਿਨ ਵਿਚ ਢਾਲ ਬੰਨ੍ਹ ਲਿਆ ਅਤੇ 'ਸਿਰ ਧਰ ਤਲੀ ਗਲੀ ਮੇਰੀ ਆਓ' ਜਾਂ 'ਪਹਿਲੋਂ ਮਰਨ ਕਬੂਲ ਕਰ' ਦਾ ਪ੍ਰਣ ਲੈਣ ਵਾਲੇ ਲੱਖਾਂ ਸਿਰ-ਲੱਥਾਂ ਦੀ ਫੌਜ ਤਿਆਰ ਕਰ ਲਈ।

ਅੰਗਰੇਜ਼ ਵਿਦਿਆ ਤੇ ਇਤਿਹਾਸ ਦੀ ਜਾਣਕਾਰੀ ਵਿਚ ਸਾਡੇ ਨਾਲੋਂ ਬਹੁਤ ਅਗੇ ਸਨ। ਉਹ ਜਾਣਦੇ ਸਨ ਕਿ ਕੈਥੋਲਿਕ ਤੇ ਪਿਛੋਂ ਪ੍ਰੋਟੈਸਟੈਂਟ ਲਹਿਰਾਂ ਭਾਵੇਂ ਸ਼ੁਰੂ ਸ਼ੁਰੂ ਵਿਚ ਧਾਰਮਿਕ ਜਾਮਾ ਪਹਿਨ ਕੇ ਆਈਆ ਸਨ। ਪਰ ਪਿਛੋਂ

Sri Satguru Jagjit Singh Ji Elibrary NamdhariElibrary@gmail.com

ਰਾਜਨੀਤਕ ਸ਼ਕਲ ਧਾਰਨ ਕਰ ਗਈਆਂ ਸਨ। ਪੰਜਾਬ ਵਿਚ ਉਹਨਾਂ ਨੂੰ ਆਪਣੇ ਰਾਜ ਦਾ ਹਰ ਵੇਲੇ ਧੁੜਕੂ ਲਗਾ ਰਹਿੰਦਾ ਸੀ। ਹੋਰ ਤਾਂ ਹੋਰ ਉਹਨਾਂ ਨੂੰ ਪੰਜਾਬ ਵਿਚ, (ਖਾਸ ਕਰ) ਆਪਣੇ ਅਨੰਨ ਵਫਾਦਾਰ ਭਗਤਾਂ ਉਤੇ ਵੀ ਗ਼ੈਰ ਵਫ਼ਾਦਾਰ ਹੋਣ ਦਾ ਸ਼ੱਕ ਰਹਿੰਦਾ ਸੀ, ਕਿਉਂਕਿ ਉਹਨਾਂ ਨੂੰ ਸ਼ੱਕ ਸੀ ਕਿ ਇਹਨਾਂ ਨੂੰ ਆਪਣਾ ਸਿੱਖ ਰਾਜ ਭੁਲਣ ਨਹੀਂ ਲੱਗਾ ਇਹਨਾਂ ਨੂੰ ਮੁੜ ਆਪਣਾ ਰਾਜ ਬਹਾਲ ਕਾਇਮ ਕਰਨ ਦੀ ਲਾਲਸਾ ਪੈਦਾ ਹੁੰਦੀ ਰਹੇਗੀ।

ਇਸ ਲਈ ਹਰ ਲਹਿਰ ਉਤੇ ਭਾਵੇਂ ਉਹ ਧਾਰਮਿਕ ਹੋਵੇ ਜਾਂ ਸਭਿਆਚਾਰਕ, ਵਿਦਿਅਕ ਹੋਵੇ ਜਾਂ ਆਰਥਕ ਕਰੜੀ ਨਿਗਰਾਨੀ ਰਖੋ, ਉਸ ਵਿਚ ਆਪਣੇ ਜਸੂਸ ਘਸੋੜੋ। ਉਸ ਦੀਆਂ ਖੁਫੀਆ ਕਾਰਵਾਈਆਂ ਦੀਆਂ ਰਿਪੋਰਟਾਂ ਹਾਸਲ ਕਰੋ ਅਤੇ ਉਸ ਚੋਂ ਰੱਤੀ ਮਾਸਾ ਵੀ ਗ਼ੈਰ ਵਫ਼ਾਦਾਰੀ ਦੀ ਗੰਧ ਆਵੇ ਤਾਂ ਉਸ ਨੂੰ ਉਗਮਣ ਨਾ ਦਿਓ। ਸ਼ੁਰੂ ਵਿਚ ਹੀ ਕੁਚਲ ਦਿਓ।

ਗੁਰੂ ਰਾਮ ਸਿੰਘ ਜੀ ਨੇ ਜਿਹੜੀ ਕੁਰਬਾਨੀ ਪੁੰਜ ਜਥੇਬੰਦੀ ਬਣਾਈ ਉਸ ਦੇ ਤਿੰਨ ਅੰਗ ਰਾਜਸੀ ਤੋਰ ਤੇ ਖਾਸ ਧਿਆਨ ਯੋਗ ਹਨ :

੧. ਪੰਜਾਬ ਨੂੰ ਜਥੇਬੰਦ ਕਰਨ ਲਈ ਸੂਬਿਆਂ ਦੀ ਕਾਇਮੀ।

੨. ਆਤਮ ਨਿਰਭਰਤਾ ਦਾ ਪ੍ਰੋਗਰਾਮ।

੩. ਸਤਿਗੁਰੂ ਨਾਲ ਨਾਮਧਾਰੀ ਸਿੱਖਾਂ ਵਲੋਂ ਸ਼ਬਦ 'ਪਾਤਸ਼ਾਹ' ਜੋੜ ਦੇਣਾ।

ਉਤੇ ਦੱਸੇ ਕਾਰਨਾਂ ਕਰਕੇ ਬ੍ਰਿਟਿਸ਼ ਹਾਕਮ ਪਹਿਲੋਂ ਹੀ ਪੰਜਾਬ ਵਿਚ ਕਿਸੇ ਕਿਸਮ ਦਾ ਵੀ ਸੰਗਠਨ ਨਹੀਂ ਬਣਨ ਦੇਣਾ ਚਾਹੁੰਦੇ ਸਨ। ਪਰ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਗੁਰੂ ਦਿਆਂ ਸੂਬਿਆਂ ਤੇ ਨਾਇਬ ਸੂਬਿਆਂ ਨੇ ਸਿੱਖਾਂ ਦੀ ਜਥੇਬੰਦੀ ਦਾ ਕੰਮ ਅਰੰਭ ਕਰ ਦਿਤਾ ਅਤੇ ਦੋਹਾਂ ਤਿੰਨਾਂ ਸਾਲਾਂ ਵਿਚ ਲੱਖਾਂ ਸਿਰ ਲੱਥ ਨਾਮਧਾਰੀ ਜਥੇਬੰਦੀ ਦੀ ਮਜ਼ਬੂਤ ਲੜੀ ਵਿਚ ਪਰੋ ਦਿਤੇ। ਸੂਬਿਆਂ ਨੇ ਉਹ ਚਮਤਕਾਰ ਕਰ ਵਿਖਾਇਆ ਕਿ ਬ੍ਰਿਟਸ਼ ਹਾਕਮ ਉਹਨਾਂ ਦੀ ਜਥੇਬੰਦਕ ਯੋਗਤਾ ਤੇ ਹੈਰਾਨ ਪਰੇਸ਼ਾਨ ਹੋ ਗਏ। ਉਹ ਨਾਮਧਾਰੀ ਸੂਬਿਆਂ ਤੇ ਸਿੱਖਾਂ ਨੂੰ ਆਪਣੇ ਰਾਜ ਲਈ ਇਕ ਬਹੁਤ ਵੱਡਾ ਖਤਰਾ ਮਹਿਸੂਸ ਕਰਨ ਤੇ ਸਮਝਣ ਲੱਗ ਪਏ। ਆਪਣੇ ਗੁਰੂ ਦੇ ਸੱਦੇ ਤੇ ਇਹ ਸਿੱਖ ਕਿਸੇ ਵੇਲੇ ਵੀ ਸਿਰ ਦੇਣ ਲਈ ਤਿਆਰ ਸਨ।

ਆਤਮ ਨਿਰਭਰਤਾ ਦਾ ਪ੍ਰੋਗਰਾਮ ਤਾਂ ਬ੍ਰਿਟਿਸ਼ ਰਾਜ ਦੇ ਸੱਤੀਂ ਕੱਪੜੀਂ ਅੱਗ-ਲਾਉਣ ਵਾਲਾ ਸੀ। ਨਾਮਧਾਰੀਆਂ ਲਈ ਹੁਕਮ ਸੀ ਕਿ ਘਰ ਦੇ ਕੱਤੇ ਕਪੜੇ ਬਣਾਏ ਪਹਿਨੋ, ਅੰਗਰੇਜ਼ੀ ਮਾਲ ਦਾ ਬਾਈਕਾਟ ਕਰੋ, ਆਪਣੇ ਝਗੜੇ ਪੰਚਾਇਤਾਂ ਵਿਚ ਨਿਪਟਾਓ, ਅਦਾਲਤਾਂ ਵਿਚ ਨਾ ਜਾਓ, ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਨਾ ਪੜ੍ਹਾਓ, ਸਰਕਾਰੀ ਡਾਕਖਾਨਿਆਂ ਤੇ ਤਾਰ ਘਰਾਂ ਨੂੰ ਵਰਤਣਾ ਛੱਡ ਦਿਓ। ਸ਼ਰਾਬ ਨਾ ਪੀਓ ਅਤੇ ਸਾਦਾ ਜ਼ਿੰਦਗੀ ਜੀਵੋ।

ਇਹ ਆਤਮ ਨਿਰਭਰਤਾ ਦਾ ਪ੍ਰੋਗਰਾਮ ਅੰਗਰੇਜ਼ਾਂ ਦੀ ਰਾਜ ਮਸ਼ੀਨਰੀ ਨੂੰ ਚੈਲਿੰਜ ਸੀ। ਇਹ ਪ੍ਰੋਗਰਾਮ ਐਲਾਨ ਕਰਦਾ ਸੀ ਕਿ ਨਾਮਧਾਰੀ ਸਿੱਖ ਅੰਗਰੇਜ਼ਾਂ ਦੇ ਗ਼ੁਲਾਮੀ ਪ੍ਰਬੰਧ ਤੋਂ ਬਗੈਰ ਵੀ ਜ਼ਿੰਦਗੀ ਗੁਜ਼ਾਰ ਸਕਦੇ ਹਨ। ਚਿੱਠੀ ਪੱਤਰ ਦਾ ਆਪਣਾ ਪ੍ਰਬੰਧ ਕਰਨ ਦੇ ਅਰਥ ਇਹ ਸਨ ਕਿ ਗੌਰਮਿੰਟ ਨੂੰ ਆਪਣੀਆਂ ਖੁਫੀਆ ਕਾਰਵਾਈਆਂ ਤੋਂ ਜਾਣੂ ਨਾ ਹੋਣ ਦਿਤਾ ਜਾਵੇ। ਇਹ ਇਕ ਤਰ੍ਹਾਂ ਅੰਗਰੇਜ਼ ਰਾਜ ਨਾਲ ਨਾ-ਮਿਲਵਰਤਣ ਕਰਨ ਦੀ ਖੁਲ੍ਹੀ ਵਿਉਂਤ ਸੀ ਜਿਹੜੀ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਤੋਂ ਵਧ ਜਾਂ ਘੱਟ ਪੰਜਾਹ ਸਾਲ ਪਹਿਲੋਂ ਗੁਰੂ ਰਾਮ ਸਿੰਘ ਨੇ ਵਜੂਦ ਵਿਚ ਲਿਆਂਦੀ ਸੀ।

ਅਤੇ ਤੀਜਾ ਅੰਗ 'ਸਤਿਗੁਰੂ ਪਾਤਸ਼ਾਹ' ਸੀ। ਅੰਗਰੇਜ਼ਾਂ ਦੇ ਸ਼ਬਦ ਕੋਸ਼ ਵਿਚ ਪਾਤਸ਼ਾਹ ਦਾ ਅਰਥ ਸੀ ਮਹਾਰਾਣੀ ਵਿਕਟੋਰੀਆ ਜਾਂ ਉਹਦੇ ਖਾਨਦਾਨ ਵਿਚੋਂ ਹੋਰ ਕੋਈ ਕਿੰਗ ਐਡਵਰਡ ਵਗੈਰਾ। ਗ਼ੁਲਾਮ ਹਿੰਦੁਸਤਾਨ ਵਿਚ ਕਿਸੇ ਗੁਰੂ ਜਾਂ ਆਗੂ ਨਾਲ 'ਪਾਤਸ਼ਾਹ' ਦਾ ਸ਼ਬਦ ਜੋੜਨਾ ਅੰਗਰੇਜ਼ ਰਾਜ ਵਿਰੁਧ ਬਗਾਵਤ ਕਰਨ ਦੇ ਸਮਅਰਥਕ ਗਰਦਾਨਿਆਂ ਜਾਂਦਾ ਸੀ।

ਇਸ ਲਈ ਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਸ਼ਰਧਾਲੂਆਂ ਵਲੋਂ 'ਪਾਤਸ਼ਾਹ' ਦਾ ਸ਼ਬਦ ਜੋੜਨਾ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ ਕੂਕਾ ਤਹਿਰੀਕ ਨੂੰ ਬਾਗ਼ੀ

Sri Satguru Jagjit Singh Ji Elibrary NamdhariElibrary@gmail.com

ਠਹਿਰਾਂਦਾ ਸੀ । ਅੰਗਰੇਜ਼ ਹਾਕਮ ਇਹ ਸਮਝਣ ਦੀ ਸਮਰਥਾ ਨਹੀਂ ਸਨ ਰਖਦੇ ਜਾਂ ਨਹੀਂ ਸਨ ਸਮਝਣਾ ਚਾਹੁੰਦੇ ਕਿ ਗੁਰੂ ਰਾਮ ਸਿੰਘ ਜੀ ਸ਼ਰਧਾਲੂ ਸਿੱਖਾਂ ਦੇ ਦਿਲਾਂ ਦੇ ਰੂਹਾਨੀ ਪਾਤਸ਼ਾਹ ਹਨ ।

ਇਸ ਲਈ ਅੰਗਰੇਜ਼ ਹਾਕਮਾਂ ਨੇ ਨਾਮਧਾਰੀਆਂ ਦੇ ਇਸ ਪ੍ਰੋਗਰਾਮ ਨੂੰ ਆਪਣੀ ਸਰਕਾਰ ਦੇ ਖਿਲਾਫ ਇਕ ਸਮਾਨੰਤਰ (ਪੈਰਲਲ) ਸਰਕਾਰ ਸਮਝਿਆ ਅਤੇ ਇਸ ਨਾਲ ਬਾਕੀਆਂ ਵਾਲਾ ਸਲੂਕ ਕੀਤਾ । ਅੰਗਰੇਜ਼ ਆਪਣੇ ਰਾਜ ਨੂੰ ਭਾਰਤ ਵਿਚ ਸਦੀਵੀ ਕਾਇਮ ਰੱਖਣ ਦੇ ਸੁਪਨੇ ਲੈ ਰਹੇ ਸਨ । ਉਹ ਪੰਜਾਬ ਵਿਚ ਤੇ ਹੋਰਥੇ ਕੋਈ ਤਹਿਰੀਕ ਨਹੀਂ ਸਨ ਉਠਣ ਦੇਣਾ ਚਾਹੁੰਦੇ । ਜਿਹੜੀ ਕਲ੍ਹ ਜਾਂ ਪਰਸੋਂ ਨੂੰ ਉਨ੍ਹਾਂ ਦੇ ਰਾਜ ਵਿਰੁਧ ਲੋਹਾ ਲੈਣ ਦੇ ਯੋਗ ਹੋ ਸਕੇ । ਉਹਨਾਂ ਦੇ ਜਾਸੂਸ ਪੰਜਾਬੀ ਲੋਕਾਂ ਦੀ ਨਿੱਕੀ ਨਿੱਕੀ ਗੱਲ ਦੀ ਰੀਪੋਰਟ ਦਿੰਦੇ ਸਨ । ਸਿੱਖਾਂ ਦਾ ਰਾਜ ਖੋਹਣ ਤੇ ਉਨ੍ਹਾਂ ਨਾਲ ਦਗਾ ਕਰਨ ਕਰਕੇ ਅੰਗਰੇਜ਼ ਹਾਕਮ ਆਪਣੇ ਰਾਜ ਲਈ ਸਿੱਖਾਂ ਤੋਂ ਬੜਾ ਖਤਰਾ ਮਹਿਸੂਸ ਕਰਦੇ ਸਨ । ਗੁਰੂ ਰਾਮ ਸਿੰਘ ਪਾਤਸ਼ਾਹ ਜੀ ਦੇ ਲਗਾਤਾਰ ਵਧ ਰਹੇ ਰਸੂਖ ਸੂਬਿਆਂ ਤੇ ਨਾਇਬ ਸੂਬਿਆਂ ਦੀਆਂ ਥਾਂ ਥਾਂ ਜਥੇਬੰਦਕ ਕਾਰਵਾਈਆਂ ਅਤੇ ਨਾਮਧਾਰੀ ਸੰਸਥਾ ਦੇ ਨਾਂ ਮਿਲਵਰਤਨੀ ਪ੍ਰੋਗਰਾਮ ਨੇ ਅੰਗਰੇਜ਼ ਰਾਜ ਦੇ ਕਰਤਿਆਂ ਧਰਤਿਆਂ ਨੂੰ ਇਕ ਦਮ ਚੌਕੰਨੇ ਤੇ ਸਾਵਧਾਨ ਕਰ ਦਿੱਤਾ ਅਤੇ ਉਹਨਾਂ ਨੇ ਇਸ ਤਹਿਰੀਕ ਨੂੰ ਕੁਚਲਣ ਲਈ ਰੱਸੇ ਪੈੜੇ ਵੱਟਨੇ ਸ਼ੁਰੂ ਕਰ ਦਿੱਤੇ ।

ਇਸ ਪ੍ਰਸੰਗ ਵਿਚ ਅੰਗਰੇਜ਼ ਹਾਕਮਾਂ ਨੂੰ ਦੋ ਖਤਰਨਾਕ ਖਬਰਾਂ ਹੋਰ ਮਿਲੀਆਂ ਇਕ ਇਹ ਕਿ ਕੂਕੇ ਨੇਪਾਲ ਤੇ ਕਸ਼ਮੀਰ ਦੀਆਂ ਫੌਜਾਂ ਵਿਚ ਭਰਤੀ ਹੋ ਰਹੇ ਸਨ ਅਤੇ ਜੰਗ ਦੇ ਹਥਿਆਰਾਂ ਦੀ ਵਰਤੋਂ ਵਿਚ ਨਿਪੁੰਨਤਾ ਹਾਸਲ ਕਰ ਰਹੇ ਸਨ । ਦੂਜੇ ਇਹ ਕਿ ਉਹ ਛਾਰ ਰੂਸ ਨਾਲ ਆਢਾ ਸਾਂਢਾ ਕਰ ਰਹੇ ਸਨ । ਖੁਦ ਅੰਗਰੇਜ਼ ਹਾਕਮਾਂ ਨੇ ਹਿੰਦੁਸਤਾਨ ਭਰ ਵਿਚ ਚਿਰਾਂ ਤੋਂ ਇਹ ਪਰਚਾਰ ਸ਼ੁਰੂ ਕੀਤਾ ਹੋਇਆ ਸੀ ਕਿ ਹਿੰਦੁਸਤਾਨ ਨੂੰ ਰੂਸ ਤੋਂ ਖਤਰਾ ਹੈ । ਰੂਸ ਦਾ ਜ਼ਾਰ ਬੜਾ ਖੂੰਖਾਰ ਤੇ ਜ਼ਾਲਮ ਬਾਦਸ਼ਾਹ ਹੈ । ਉਹ ਹਿੰਦੁਸਤਾਨ ਤੇ ਹਮਲਾ ਕਰਨ ਹੀ ਵਾਲਾ ਹੈ । ਅੰਗਰੇਜ਼ ਹਾਕਮ ਹਿੰਦੁਸਤਾਨ ਨੂੰ ਉਸ ਦੇ ਜ਼ਾਲਮ ਪੰਜੇ ਤੋਂ ਬਚਾ ਕੇ ਰਖਣਾ ਚਾਹੁੰਦੇ ਹਨ, ਵਗੈਰਾ ਵਗੈਰਾ । ਇਸ ਲਈ ਮਲੇਛ ਫਰੰਗੀਆਂ ਦੇ ਹੱਥ ਵਿਚ ਕੂਕਿਆਂ ਦੇ ਵਿਰੁਧ ਦੋ ਜ਼ਬਰਦਸਤ ਹਥਿਆਰ ਹੋਰ ਆ ਗਏ । ਉਹ ਇਸ ਤਰਿਕੀਕ ਤੇ ਵਾਰ ਕਰਨ ਲਈ ਤਿਆਰੀਆਂ ਕਰ ਹੀ ਰਹੇ ਸਨ ਜਦੋਂ ਅੰਮ੍ਰਿਤਸਰ ਤੇ ਰਾਏਕੋਟ ਵਿਚ ਨਾਮਧਾਰੀਆਂ ਵਲੋਂ ਬੁੱਚੜਾਂ ਦੇ ਕਤਲ ਕੀਤੇ ਜਾਣ ਨੇ ਉਹਨਾਂ ਨੂੰ ਵਾਰ ਕਰਨ ਦਾ ਮੌਕਾ ਮੁਹੱਈਆ ਕਰ ਦਿੱਤਾ ।

ਇਸ ਲਈ ਬ੍ਰਿਟਿਸ਼ ਹਾਕਮਾਂ ਵਲੋਂ ਕੂਕਾ ਲਹਿਰ ਤੇ ਵਾਰ ਕਰਨ ਦਾ ਅਸਲ ਕਾਰਨ ਨਾਮਧਾਰੀਆਂ ਦੀ ਵਧ ਰਹੀ ਸ਼ਕਤੀ ਅਤੇ ਜਥੇਬੰਦਕ ਡਸਿਪਲਿਨ ਸੀ । ਕੁਝ ਥੋੜੇ ਸਾਲਾਂ ਵਿਚ ਹੀ ਲੱਖਾਂ ਦੀ ਗਿਣਤੀ ਵਿਚ ਕੂਕਾ ਪੰਥ ਵਿਚ ਸ਼ਾਮਲ ਹੋ ਗਏ ਸਨ । ਉਨ੍ਹਾਂ ਦਾ ਗੁਰੂ ਗਰੀਬ ਸ਼ਰੇਣੀ ਵਿਚ ਪੈਦਾ ਹੋਇਆ ਸੀ ਅਤੇ ਗਰੀਬ ਤੇ ਦਲਿਤ ਸ਼ਰੇਣੀਆਂ ਦੀ ਰੂਹਾਨੀ ਤੇ ਰਾਜਸੀ ਆਜ਼ਾਦੀ ਦਾ ਪੈਗਾਮ ਲੈ ਕੇ ਆਇਆ ਸੀ । ਉਸ ਦੇ ਅੰਗਰੇਜ਼ ਰਾਜ ਨਾਲ ਨਾ ਮਿਲ-ਵਰਤਨ ਦੇ ਪ੍ਰੋਗਰਾਮ ਨੇ ਆਮ ਪੰਜਾਬੀਆਂ ਦੇ ਦਿਲਾਂ ਵਿਚ ਪੰਜਾਬ ਦੀ ਆਜ਼ਾਦੀ ਮੁੜ ਬਹਾਲ ਕਰਨ ਦੇ ਮਜ਼ਬੂ ਉਭਾਰੇ ਸਨ, ਪੰਜਾਬੀ ਗੈਰਤ ਤੇ ਅਣਖ ਨੂੰ ਪੈਰਾਂ ਤੇ ਖਲੋਣ ਲਈ ਟੁੰਬਿਆਂ ਸੀ ਅਤੇ ਪੰਜਾਬ ਦੇ ਲੋਕਾਂ ਅੰਦਰ ਇਕ ਨਵੀਂ ਅਣਖੀਲੀ ਮਰਦਾਨਗੀ ਦੀ ਰੂਹ ਭਰ ਦਿਤੀ ਸੀ । ਜਿਸ ਦੇ ਕਾਰਨ ਨਾਮਧਾਰੀ ਸ਼ੇਰ ਹਥੇਲੀਆਂ ਤੇ ਸਿਰ ਰੱਖ ਕੇ ਅੰਗਰੇਜ਼ ਰਾਜ ਦੇ ਖਿਲਾਫ ਜੂਝਣ ਲਈ ਸੀਨਾ ਤਾਣ ਕੇ ਖਲੋ ਗਏ ਸਨ ।

ਅਤੇ ਅੰਗਰੇਜ਼ ਅਫਸਰਾਂ ਦੀਆਂ ਖੁਫੀਆਂ ਰਿਪੋਰਟਾਂ ਉਤਲੀ ਸਥਿਤੀ ਦੀ ਤਸਦੀਕ ਕਰਦੀਆਂ ਹਨ । ਉਹ ਸਾਫ ਸ਼ਬਦਾਂ ਵਿਚ ਕਹਿੰਦੀਆਂ ਹਨ ਕਿ, ''ਇਹ ਲਹਿਰ ਰਾਜਸੀ ਹੈ । ਖਾਲਸ ਧਾਰਮਕ ਨਹੀਂ ।'' ਗੁਰੂ ਰਾਮ ਸਿੰਘ ਇਕ ਐਸੀ ਸੰਸਥਾ ਦਾ ਆਗੂ ਹੈ ਜੋ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਆਸ ਵਿਚ ਅੰਗਰੇਜ਼ ਰਾਜ ਦਾ ਦੁਸ਼ਮਣ ਹੈ । ਜੇ ਇਸ ਤਹਿਰੀਕ ਦੇ ਛੇੜੀ ਤੋਂ ਛੇਤੀ ਮੱਕੂ ਬਨਣ

Sri Satguru Jagjit Singh Ji Elibrary NamdhariElibrary@gmail.com

ਦਾ ਬੰਦੋਬਸਤ ਨਾ ਕੀਤਾ ਗਿਆ ਤਾਂ 'ਫਸਾਦ ਅਤੇ ਬੁਰਿਆਈ (!?) ਦੀ ਬੁਨਿਆਦਾ ਰੇ ਖੜੀ ਕੀਤੀ ਗਈ ਇਹ ਲਹਿਰ ਆਉਣ ਵਾਲੇ ਸਮੇਂ ਵਿਚ ਵਡੇ ਖਤਰਿਆਂ ਅਤੇ ਤੋੜ ਫੋੜਨ ਘਟਨਾਵਾਂ ਦੀ ਜਨਮ ਦਾਤਾ ਬਣ ਸਕਦੀ ਹੈ''।

ਅੰਗਰੇਜ਼ ਅਫਸਰ ਅਸਲ ਵਿਚ, ਫੋਟੀ ਬਹਾਨਾ ਲਭਦੇ ਸਨ ਜਿਸ ਨੂੰ ਵਰਤ ਕੇ ਇਸ ਲਹਿਰ ਨੂੰ ਰਾਜ ਮਸ਼ੀਨਰੀ ਦੇ ਇਹੋ ਜਿਹੇ ਬੇਕਿਰਕ, ਵਹਿਸ਼ੀਆਨਾ ਭਰਪੂਰ ਤਸ਼ਦੱਦ ਨਾਲ ਕੁਚਲ ਦਿਤਾ ਜਾਏ। ਜੇਹੋ ਜਿਹਾ ਕਿ ਉਨ੍ਹਾਂ ਨੇ ੧੮੫੭ ਦੇ ਗਦਰੀਆਂ ਨੂੰ ਕੁਚਲਣ ਲਈ ਇਸਤੇਮਾਲ ਕੀਤਾ ਸੀ। ਰਾਏਕੋਟ ਦੇ ਬੁਚੜਾਂ ਦੇ ਕਤਲ ਨੇ ਅੰਗਰੇਜ਼ ਹਾਕਮਾਂ ਨੂੰ ਉਹ ਬਹਾਨਾ ਮੁਹੱਈਆ ਕਰ ਦਿਤਾ ਅਤੇ ਜਿਸ ਖੂੰਖਾਰ ਦਰਿੰਦਗੀ ਦਾ ਮੁਜ਼ਾਹਰਾ ਉਨ੍ਹਾਂ ਮਲੇਰਕੋਟਲੇ ਵਿਚ ਕੂਕਿਆਂ ਨੂੰ ਤੋਪਾਂ ਨਾਲ ਉਡਾਣ ਦਾ ਕੀਤਾ—ਉਸ ਦੀ ਮਿਸਾਲ ਸਿਰਫ ਗਦਰ ਦੇ ਦੌਰਾਨ ਕੀਤੇ ਗਏ ਜ਼ੁਲਮਾਂ ਵਿਚੋਂ ਹੀ ਮਿਲਦੀ ਹੈ, ਹੋਰ ਕਿਤੇ ਇਤਿਹਾਸ ਵਿਚ ਨਹੀਂ ਮਿਲਦੀ।

ਅੰਗਰੇਜ਼ ਹਾਕਮਾਂ ਦਾ ਮਕਸਦ ਇਸ ਵੇਲੇ ਸਿਰਫ ਕੂਕਾ ਲਹਿਰ ਨੂੰ ਹੀ ਜੜ੍ਹਾਂ ਤੋਂ ਪੁਟਣਾ ਨਹੀਂ ਸੀ—ਇਹ ਵੀ ਸੀ ਕਿ ਪੰਜਾਬ ਵਿਚੋਂ ਅਗੋਂ ਸਰਕਾਰ ਵਿਰੋਧੀ ਕੋਈ ਵੀ ਤਹਿਰੀਕ ਨਾ ਸਿਰ ਉਠਾ ਸਕੇ। ਇਤਿਹਾਸ ਗੁਆਹ ਹੈ ਕਿ ਸਰਕਾਰਾਂ ਦੇ ਏਹੋ ਜਿਹੇ ਮਕਸਦ ਨਾ ਕਦੇ ਪਿਛੇ ਸਫਲ ਹੋਏ ਹਨ ਅਤੇ ਨਾ ਕਦੇ ਅਗੋਂ ਹੋਣਗੇ। ਸਰਕਾਰਾਂ ਨੂੰ ਬੰਦੂਕਾਂ ਤੋਪਾਂ ਦੇ ਭਰੋਸੇ ਜਨਤਾ ਦੇ ਜਥੇਬੰਦਕ ਸੰਗਰਾਮਾਂ ਨੂੰ ਹਮੇਸ਼ਾ ਘਟ ਤੋਲਿਆ ਹੈ ਅਤੇ ਇਸ ਗਲਤੀ ਦਾ ਮੁੱਲ ਆਪਣੇ ਬਿਸਤਰੇ ਗੋਲ ਕਰਨ ਵਿਚ ਤਾਰਿਆ ਹੈ।

ਕੂਲਾ ਲਹਿਰ ਵਕਤੀ ਤੌਰ ਤੇ ਕੁਚਲ ਦਿਤੀ ਗਈ ਪਰ ਜਿਸ ਬਹਾਦਰੀ ਨਾਲ ਕੂਕਿਆਂ ਨੇ ਆਪਣੇ ਸੀਸ ਦਿਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸਾਹ ਜਨਕ ਝੰਡਾ ਬਣ ਗਈ। ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪ੍ਰੇਰਨਾਸ਼ੀਲ ਚਿੰਨ੍ਹ ਬਣ ਗਿਆ। ਸਦੀਵੀ ਰਾਜ ਕਰਨ ਦੇ ਖਾਬ ਲੈਣ ਵਾਲੇ ਅੰਗਰੇਜ਼ ਹਾਕਮਾਂ ਨੂੰ ਬੋਰੀਆ ਬਿਸਤਰਾ ਵਲੇਟ ਕੇ ਹਿੰਦੁਸਤਾਨ ਵਿਚੋਂ ਜਾਣਾ ਪਿਆ ਅਤੇ ਭਾਰਤ ਆਜ਼ਾਦ ਹੋ ਗਿਆ।

ਇਹ ਹੈ ਕੂਕਾ ਬਗਾਵਤ ਦੀ ਇਤਿਹਾਸਕ ਮਹਾਨਤਾ। ਗਦਰ ਦੇ ਕੁਚਲੇ ਜਾਣ ਪਿਛੋਂ ਇਹ ਪਹਿਲੀ ਤਹਿਰੀਕ ਸੀ ਜਿਹੜੀ ਦੇਸ਼ ਦੀ ਆਜ਼ਾਦੀ ਲਈ ਉਠੀ।



ਨਾਮਧਾਰੀ ਵਿਦਿਅਕ ਜਥੇ ਦੀ ਇਕੱਤ੍ਰਤਾ

ਨਾਮਧਾਰੀ ਵਿਦਿਅਕ ਜੱਥਾ ਜ਼ਿਲ੍ਹਾ ਗੁਰਦਾਸਪੁਰ ਦੀ ਮਾਸਿਕ ਇਕੱਤ੍ਰਤਾ ਮਿਤੀ ੮-੧-੧੯੮੩ ਨੂੰ ਪਿੰਡ ਫੱਜੂਪੁਰਾ (ਨੇੜੇ ਧਾਰੀਵਾਲ) ਵਿਖੇ ਹੋਈ। ਰਾਤ ਨੂੰ ਕੀਰਤਨ ਦਾ ਪ੍ਰਬੰਧ ਕੀਤਾ ਗਿਆ। ਜਥੇਦਾਰ ਅਜੀਤ ਸਿੰਘ ਬਟਾਲਾ ਦੇ ਜਥੇ ਨੇ ਮਨੋਹਰ ਕੀਰਤਨ ਕੀਤਾ। ਪ੍ਰੋ: ਜੋਗਿੰਦਰ ਸਿੰਘ ਕੰਗ ਨੇ ਪ੍ਰਭਾਵਸ਼ਾਲੀ ਲੈਕਚਰ ਕੀਤਾ। ਸੰਤ ਸਵਰਨ ਸਿੰਘ ਫੱਜੂਪੁਰਾ ਨੇ ਵੀ ਕੁਝ ਸਮਾਂ ਦੀਵਾਨ ਲਾਇਆ। ਜਥੇ ਦੀ ਅਗਲੀ ਮੀਟਿੰਗ ੬-੨-੧੯੮੩ ਨੂੰ ਨਾਮਧਾਰੀ ਧਰਮਸ਼ਾਲਾ ਕਾਹਨੂੰਵਾਨ ਰੋਡ ਬਟਾਲਾ ਵਿਖੇ ਦਿਨ ਦੇ ੨-੦੦ ਵਜੇ ਹੋਵੇਗੀ।

—ਪ੍ਰੋ: ਜੋਗਿੰਦਰ ਸਿੰਘ ਕੰਗ
M.A.,B.Lib. Sc.
ਸਕੱਤਰ ਨਾ: ਵਿ: ਜੱਥਾ ਜ਼ਿਲਾ ਗੁਰਦਾਸਪੁਰ

Sri Satguru Jagjit Singh Ji Elibrary NamdhariElibrary@gmail.com

ਜੀਵਨ ਦਾ ਰੰਗ : ਸਾਡੇ ਸੋਚਣ ਦਾ ਢੰਗ

—ਦਿਆਲ ਚੰਦ ਮਿਗਲਾਨੀ

ਸਮਾਂ ਆਪਣੀ ਚਾਲੇ ਚਲਦਾ ਰਹਿੰਦਾ ਹੈ ਤੇ ਕਿਸੇ ਦੇ ਰੋਕਿਆਂ ਨਹੀਂ ਰੁਕਦਾ। ਜਿਵੇਂ ਕਿ ਭਾਈ ਵੀਰ ਸਿੰਘ ਜੀ ਨੇ ਕਿਹਾ ਹੈ—

"ਰਹੀ ਵਾਸਤੇ ਘਤ ਸਮੇਂ ਨੇ ਇਕ ਨਾ ਮੰਨੀ
ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ"

ਪਰ ਵਰਤਮਾਨ ਸਦੀ ਵਿਚ ਕੁਝ ਫ਼ਿਲਾਸਫ਼ਰਾਂ ਤੇ ਵਿਗਿਆਨਕਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਮੇਂ ਦੀ ਚਾਲ ਘੜੀ ਉਤੇ ਨਹੀਂ, ਸਗੋਂ ਸਾਡੇ ਮਨ ਦੀ ਅਵਸਥਾ ਉਤੇ ਨਿਰਭਰ ਕਰਦੀ ਹੈ। ਖੁਸ਼ੀ ਦਾ ਸਮਾਂ ਛੇਤੀ ਬੀਤ ਜਾਂਦਾ ਹੈ, ਪਰ ਦੁਖ ਦਾ ਸਮਾਂ ਲੰਮਾ ਹੋ ਜਾਂਦਾ ਹੈ। ਡਾਕਟਰ ਇਕਬਾਲ ਨੇ ਫ਼ੁਰਮਾਇਆ ਹੈ—

"ਮਹੀਨੇ ਵਸਲ ਕੇ ਘੜੀਓਂ ਕੀ ਸੂਰਤ ਉੜਤੇ ਜਾਤੇ ਹੈਂ
ਮਗਰ ਘੜੀਆਂ ਜ਼ੁਦਾਈ ਕੀ ਗੁਜ਼ਰਤੀ ਹੈਂ ਮਹੀਨੋਂ ਮੇਂ"

ਸਮਾਂ ਉਹੀ ਹੁੰਦਾ ਹੈ। ਘੜੀ ਦੀ ਚਾਲ ਉਹੀ ਹੁੰਦੀ ਹੈ, ਪਰ ਸਾਡਾ ਅੰਤਰ ਭਾਵ ਸਮੇਂ ਪ੍ਰਤੀ ਬਦਲ ਜਾਂਦਾ ਹੈ। ਕੁਝ ਇਹੋ ਜਿਹੇ ਵਿਚਾਰ ਮਹਾਤਮਾ ਬੁੱਧ ਦੇ ਵੀ ਹਨ, ਜੋ "ਧਮ ਪਦ" ਵਿਚ ਦ੍ਰਿਸ਼ਟੀ ਗੋਚਰ ਹੁੰਦੇ ਹਨ—

"ਦੀਘਾ ਜਾਗ੍ਰਤੋ ਰੱਤੀ
ਦੀਘੰ ਸੰਤੱਸ ਯੋਜਨਮ"

ਅਰਥਾਤ ਜਾਗਣ ਵਾਲੇ ਵਾਸਤੇ ਰਾਤ ਲੰਮੀ ਹੋ ਜਾਂਦੀ ਹੈ ਤੇ ਥੱਕੇ-ਟੁੱਟੇ ਰਾਹੀ ਵਾਸਤੇ ਕੋਹ ਲੰਮੇ ਹੋ ਜਾਂਦੇ ਹਨ।

'ਅਲਬਰਟ ਆਇਨਸਟਾਇਨ' ਨੇ ਸਾਇੰਸ ਨੂੰ ਇਕ ਅਨੋਖਾ ਸਿਧਾਂਤ ਦਿਤਾ ਹੈ—"ਸਾਪੇਖਵਾਦ"। ਇਹ ਸਿਧਾਂਤ ਬੜਾ ਗੁੰਝਲਦਾਰ ਤੇ ਬਹੁਤ ਘੱਟ ਲੋਕਾਂ ਦੀ ਸਮਝ ਵਿਚ ਆਉਂਦਾ ਸੀ। ਜਦ ਇਕ ਅਮਰੀਕਨ ਇਸਤਰੀ ਨੇ 'ਆਇਨਸਟਾਇਨ' ਤੋਂ ਪੁਛਿਆ, ਕਿ ਕੀ ਤੁਸੀਂ ਆਪਣੀ "ਸਾਪੇਖਵਾਦ" ਦੀ ਥਿਊਰੀ ਨੂੰ ਸੌਖੇ ਸ਼ਬਦਾਂ ਵਿਚ ਸਮਝਾ ਸਕਦੇ ਹੋ? ਤਾਂ ਉਨ੍ਹਾਂ ਨੇ ਉੱਤਰ ਦਿਤਾ—"ਕਿਉਂ ਨਹੀਂ, ਇਹ ਕੋਈ ਔਖਾ ਸਿਧਾਂਤ ਨਹੀਂ। ਇਸ ਨੂੰ ਸਮਝਣ ਲਈ ਇਕ ਛੋਟੀ ਜਿਹੀ ਮਿਸਾਲ ਹੀ ਕਾਫੀ ਹੈ, ਕਿ ਜੇ ਤੂੰ ਆਪਣੇ ਪ੍ਰੇਮੀ ਦੀ ਸੰਗਤ ਵਿਚ ਤਿੰਨ ਘੰਟੇ ਬੈਠੀ ਰਹੇਂ ਤਾਂ ਤੈਨੂੰ ਇਹ ਮਹਿਸੂਸ ਹੋਵੇਗਾ ਕਿ ਕੇਵਲ ਤਿੰਨ ਸੈਕੰਡ ਹੀ ਗੁਜ਼ਰੇ ਹਨ। ਇਸ ਦੇ ਉਲਟ ਜੇ ਕੋਈ ਜ਼ਾਲਮ ਹਤਿਆਰਾ ਨੰਗੀ ਤਲਵਾਰ ਲੈ ਕੇ ਤੇਰੇ ਕੋਲ ਕੇਵਲ ਤਿੰਨ ਸੈਕੰਡ ਹੀ ਖੜਾ ਰਹੇ ਤਾਂ ਤੈਨੂੰ ਇੰਜ ਭਾਸੇਗਾ ਕਿ ਜਿਵੇਂ ਤਿੰਨ ਘੰਟੇ ਬੀਤ ਗਏ ਹਨ।"

ਕਿਸੇ ਬੰਦੇ ਨੂੰ ਸੂਚਨਾ ਮਿਲੇ ਕਿ ਉਸ ਦੀ ਇਕ ਲੱਖ ਰੁਪਏ ਦੀ ਲਾਟਰੀ ਨਿਕਲੀ ਹੈ, ਆ ਕੇ ਆਪਣੀ ਰਕਮ ਲੈ ਜਾਵੇ, ਤਾਂ ਉਸ ਬੰਦੇ ਦੇ ਪੈਰਾਂ ਨੂੰ ਪਰ ਲਗ ਜਾਣਗੇ। ਉਸ ਦੇ ਮਨ ਵਿਚ ਖੁਸ਼ੀਆਂ ਦੇ ਵਾਜੇ ਵੱਜਣਗੇ ਤੇ ਉਹ ਪਲਾਂ ਵਿਚ ਰਸਤਾ ਤੈਅ ਕਰਕੇ ਲਾਟਰੀ ਦੀ ਰਕਮ ਲੈਣ ਲਈ ਪੁਜ ਜਾਵੇਗਾ। ਕੁਝ ਇਹੋ ਜਿਹੀ ਹਾਲਤ ਉਸ ਇਸਤਰੀ-ਪੁਰਸ਼ ਦੀ ਹੋਵੇਗੀ ਜੋ ਆਪਣੇ ਮਹਿਬੂਬ ਨੂੰ ਮਿਲਣ ਜਾ ਰਿਹਾ ਹੋਵੇਗਾ, ਪਰ ਜੇ ਉਹੋ ਵਿਅਕਤੀ ਕਿਸੇ ਦੁਖਦਾਈ ਘਟਨਾ-ਅਸਥਾਨ ਵਲ ਜਾ ਰਿਹਾ ਹੈ ਤਾਂ ਉਸ ਦੇ ਪੈਰ ਮਣ ਮਣ ਭਾਰੇ ਹੋ ਜਾਣਗੇ ਤੇ ਪੰਧ ਮੁਕਣ ਤੇ ਹੀ ਨਹੀਂ ਆਵੇਗਾ। ਭਾਵੇਂ ਕਿ ਸੜਕ ਉਹੀ ਹੈ ਤੇ ਰਸਤੇ ਦੀ ਲੰਬਾਈ ਵੀ ਓਨੀ ਹੀ ਹੈ।

ਇਹ ਸਿਧਾਂਤ ਕੇਵਲ ਸਮੇਂ ਤੇ ਹੀ ਨਹੀਂ, ਸਗੋਂ ਜੀਵਨ ਤੇ ਜੀਵਨ ਦੀ ਹਰ ਘਟਨਾ ਉਤੇ ਵੀ ਲਾਗੂ ਹੁੰਦਾ ਹੈ। ਸੰਸਾਰ ਦੀ ਹਰ ਚੀਜ਼ ਨੂੰ ਅਸੀਂ ਆਪਣੀ ਮਨ-ਸਥਿਤੀ ਅਨੁਸਾਰ ਹੀ ਵੇਖਦੇ, ਸਮਝਦੇ ਤੇ ਮਹਿਸੂਸ ਕਰਦੇ ਹਾਂ।

ਇਕ ਪ੍ਰਚਲਤ ਮਿਸਾਲ ਹੈ। ਸਵੇਰ ਵੇਲੇ ਇਕ ਰੁੱਖ ਉਤੇ ਇਕ ਪੰਛੀ ਬੋਲ ਰਿਹਾ ਸੀ। ਇਕ ਰੱਬ ਦੇ ਪਿਆਰੇ ਸਾਂਈਂ ਲੋਕ ਨੇ ਸੁਣਿਆਂ ਤਾਂ ਝੂਮ ਉਠਿਆ ਵਾਹ ਅੱਲਾ! ਪੰਛੀ ਵੀ ਕਹਿ ਰਹੇ ਹਨ "ਸੁਬਹਾਨ ਤੇਰੀ ਕੁਦਰਤ" ਕੋਲ ਖਲੋਤੇ ਇਕ ਹਟਵਾਣੀਏਂ ਨੇ ਕਿਹਾ—ਨਹੀਂ, ਪੰਛੀ ਕਹਿ ਰਿਹਾ ਹੈ—"ਲੂਣ ਤੇਲ ਅਧਰਕ" ਕੋਲੋਂ ਇਕ ਪਹਿਲਵਾਨ ਬੋਲ ਉਠਿਆ—ਨਹੀਂ, ਨਹੀਂ, ਤੁਸੀਂ ਦੋਵੇਂ ਗ਼ਲਤ ਸਮਝ ਰਹੇ ਹੋ। ਅਸਲ ਵਿਚ ਪੰਛੀ ਕਹਿ ਰਿਹਾ ਹੈ—"ਖਾ ਪਿਉ

Sri Satguru Jagjit Singh Ji Elibrary NamdhariElibrary@gmail.com

ਕਰ ਕਸਰਤ" ਬਸ, ਜੋ ਜਿਸਦੇ ਮਨ ਵਿਚ ਸੀ, ਉਹੋ ਹੀ ਉਸ ਨੂੰ ਸੱਚ ਜਾਪਿਆ।

ਬਾਗ ਵਿਚ ਰੰਗ ਬਰੰਗੇ ਫੁਲ ਖਿੜੇ ਹਨ, ਕਲੀਆਂ ਟਹਿਕ ਰਹੀਆਂ ਹਨ, ਬੁਲਬੁਲਾਂ ਚਹਿਕ ਰਹੀਆਂ ਹਨ। ਫੁੱਲਾਂ ਤੇ ਪਤਿਆਂ ਉਤੇ ਤ੍ਰੇਲ-ਤੁਪਕੇ ਸੁੱਚੇ ਮੋਤੀਆਂ ਵਾਂਗ ਦਮਕ ਰਹੇ ਹਨ। ਇਹੋ ਜਿਹੇ ਮੌਸਮ ਤੇ ਹੰਗੀਨ ਨਜ਼ਾਰੇ ਦਾ, ਕੀ ਹਰ ਵਿਅਕਤੀ ਇਕੋ ਜਿਹਾ ਆਨੰਦ ਲੈ ਸਕਦਾ ਹੈ ? ਬਾਗ ਵਿਚ ਕਈ ਵਿਅਕਤੀ ਸੈਰ ਕਰਨ ਜਾਂਦੇ ਹਨ, ਪਰ ਇਕ ਸੱਜ-ਵਿਆਹੇ ਜੋੜੇ ਨੂੰ ਜਿਨ੍ਹਾਂ ਫੁਲਾਂ 'ਚੋਂ ਸਤ-ਰੰਗੀਆਂ ਪੀਂਘਾਂ ਫੁਟਦੀਆਂ ਨਜ਼ਰ ਆਉਂਦੀਆਂ ਹਨ, ਇਕ ਉਦਾਸ ਤੇ ਨਿਰਾਸ਼ ਬੁੱਢੇ ਵਿਅਕਤੀ ਨੂੰ ਉਨ੍ਹਾਂ ਹੀ ਫੁੱਲਾਂ ਦਾ ਰੰਗ ਉਸ ਦੀਆਂ ਹਸਰਤਾਂ ਦੇ ਖੂਨ ਵਰਗਾ ਦਿੱਸੇਗਾ ਤੇ ਤ੍ਰੇਲ-ਤੁਪਕੇ ਗ਼ਮਾਂ ਦੇ ਅਥਰੂ ਭਾਸਣਗੇ। ਬਾਗ ਉਹੋ, ਫੁਲ ਉਹੋ, ਪਰ ਉਨ੍ਹਾਂ ਦਾ ਪ੍ਰਭਾਵ ਮਨ ਦੀ ਅਵਸਥਾ ਅਨੁਸਾਰ ਹਰ ਵਿਅਕਤੀ ਤੇ ਵਖ ਵਖ ਪਵੇਗਾ। ਇਕ ਉਰਦੂ ਸ਼ਾਇਰ ਦਾ ਇਹ ਕੜਾਅ ਇਸ ਭਾਵ ਨੂੰ ਖੂਬ ਵਰਣਨ ਕਰਦਾ ਹੈ—

"ਅਸਰ ਅੰਦਾਜ਼ੀ-ਏ-ਨਿਸ਼ਾਤ-ਓ-ਅਲਮ
ਹਸਬ-ਇ-ਉਫ਼ਤਾਦ-ਇ-ਤਬ੍ਹ ਹੋਤੀ ਹੈ।
ਕੁਛ ਦਿਮਾਗ਼ੋਂ ਮੇਂ ਗ਼ਮ ਭੀ ਹੰਸਤੇ ਹੈਂ
ਕੁਛ ਦਿਲੋਂ ਮੇਂ ਖੁਸ਼ੀ ਭੀ ਰੋਤੀ ਹੈ।"

ਜਵਾਨ ਆਦਮੀ ਇਕ ਸੁੰਦਰ ਇਸਤਰੀ ਨੂੰ ਹੋਰ ਨਿਗਾਹ ਨਾਲ ਵੇਖੇਗਾ ਤੇ ਬੁੱਢਾ ਆਦਮੀ ਹੋਰ ਨਜ਼ਰ ਨਾਲ। ਦੋਹਾਂ ਦੀ ਮਨ-ਦਸ਼ਾ ਵਿਚ ਬੜਾ ਫਰਕ ਹੈ।

ਟਹਿਣੀ ਉਤੇ ਖਿੜਿਆ ਹੋਇਆ ਗੁਲਾਬ ਦਾ ਫੁਲ ਮਹਿਕਾਂ ਲੁਟਾ ਰਿਹਾ ਹੈ। ਉਸ ਦਾ ਰੰਗ, ਉਸ ਦੀ ਸੁਗੰਧੀ, ਕੋਮਲਤਾ ਤੇ ਸੁੰਦਰਤਾ ਇਕ ਕਵੀ-ਹਿਰਦੇ ਵਿਚ ਭਾਵਾਂ ਦਾ ਹੜ੍ਹ ਲਿਆ ਦੇਣਗੇ ਤੇ ਉਹ ਇਕ ਸੁੰਦਰ ਕਵਿਤਾ ਲਿਖਣ ਬਹਿ ਜਾਵੇਗਾ, ਪਰ ਜੇ ਉਸੇ ਗੁਲਾਬ ਦੇ ਫੁਲ ਨੂੰ ਕੋਈ ਪਨਸਾਰੀ ਵੇਖ ਲਵੇ ਤਾਂ ਉਹ ਗੁਲਕੰਦ ਬਨੌਣ ਦੀ ਗੱਲ ਹੀ ਸੋਚੇਗਾ !

ਪੁੰਨਿਆਂ ਦਾ ਚੰਨ ਬੜਾ ਖੂਬਸੂਰਤ ਹੈ। ਕੋਈ ਸ਼ਿੰਗਾਰ ਰਸੀ ਲੇਖਕ ਉਸ ਦੀ ਉਪਮਾ ਮਹਿਬੂਬ ਦੇ ਮੁਖੜੇ ਨਾਲ ਦੇਂਦਾ ਰਹੇ, ਪਰ ਭੁੱਖੇ ਆਦਮੀ ਨੂੰ ਤਾਂ ਉਹ ਚੰਦ੍ਰਮਾ ਅਕਾਸ਼ ਵਿਚ ਤਰਦੀ ਹੋਈ ਰੋਟੀ ਵਾਂਗ ਹੀ ਦਿਖਾਈ ਦੇਵੇਗਾ। ਕਿਸੇ ਨੇ ਠੀਕ ਹੀ ਕਿਹਾ ਹੈ—

"ਹੋ ਨ ਹੁਸਨ-ਏ-ਨਜ਼ਰ ਤੋਂ ਕਿਆ ਹੈ ਕਮਾਲ
ਹੁਸਨ ਕਿਆ ਹੈ, ਨਜ਼ਰ ਹਮਾਰੀ ਹੈ"

ਅੱਖਾਂ ਵਿਚ ਧੁੰਦ ਹੋਵੇ ਜਾਂ ਸੰਸਾਰ ਦੀ ਹਰ ਚੀਜ਼ ਧੁੰਦਲੀ ਦਿਖਾਈ ਦੇਵੇਗੀ। ਅੱਖ ਵਿਚ ਮੋਤੀਆ ਹੋਵੇ ਤਾਂ ਹਰ ਵਸਤੂ ਇਕ ਦੀ ਥਾ ਤੇ ਦੋ ਦਿਸਦੀਆਂ ਹਨ। ਦੋਸ਼ ਨਜ਼ਾਰੇ ਵਿਚ ਨਹੀਂ, ਸਾਡੀ ਨਜ਼ਰ ਵਿਚ ਹੈ। ਇਕ ਹਿੰਦੀ ਕਵੀ ਅਨਸਾਰ—

"ਕਭੀ ਨਾ ਰੂਪ ਭਲਾ ਯਾ ਬੁਰਾ ਬਨਾਤਾ ਹੈ
ਨਜ਼ਰ ਕਾ ਭੇਦ ਹੈ, ਜੋ ਦੋਸ਼-ਓ-ਗੁਨ ਦਿਖਾਤਾ ਹੈ।
ਕੋਈ ਕਮਲ ਕੀ ਕਲੀ ਢੂੰਢਤਾ ਹੈ ਕੀਚੜ ਮੇਂ
ਕਿਸੀ ਕੋ ਚਾਂਦ ਮੇਂ ਭੀ ਦਾਗ਼ ਨਜ਼ਰ ਆਤਾ ਹੈ।"

ਸ਼ਮਰਥ ਰਾਮ ਦਾਸ ਰਮਾਇਣ ਦੀ ਕਥਾ ਕਰ ਰਹੇ ਸਨ। ਸਰੋਤਿਆਂ ਵਿਚ ਹਨੂੰਮਾਨ ਜੀ ਵੀ ਭੇਸ ਵਟਾ ਕੇ ਬੈਠੇ ਹੋਏ ਸਨ। ਕਥਾਕਾਰ ਨੇ ਕਿਹਾ ਕਿ ਰਾਵਣ ਨੇ ਜਿਸ ਅਸ਼ੋਕ ਬਾਟਿਕਾ ਵਿਚ ਸੀਤਾ ਜੀ ਨੂੰ ਕੈਦ ਰਖਿਆ ਸੀ, ਉਸ ਵਿਚ ਸਭ ਪਾਸੇ ਸੁਫੈਦ ਰੰਗ ਦੇ ਫੁਲ ਖਿੜੇ ਹੋਏ ਸਨ—ਚੰਬਾ, ਚੰਮੇਲੀ, ਚਾਂਦਨੀ ਆਦਿ। ਹਨੂਮਾਨ ਜੀ ਉਠ ਕੇ ਕਹਿਣ ਲਗੇ—"ਨਹੀਂ ਮਹਾਰਾਜ, ਫੁਲ ਸੁਫੈਦ ਨਹੀਂ, ਲਾਲ ਸਨ, ਪਰ ਰਾਮਦਾਸ ਜੀ ਕਹਿਣ ਲਗੇ ਕਿ ਇਹ ਬਿਲਕੁਲ ਸੱਚ ਹੈ ਕਿ ਫੁਲ ਸੁਫੈਦ ਹੀ ਸਨ। ਹਨੂਮਾਨ ਜੀ ਨੇ ਦੋਬਾਰਾ ਕਿਹਾ ਕਿ "ਨਹੀਂ ਮਹਾਰਾਜ, ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਅਸ਼ੋਕ ਬਾਟਿਕਾ ਵਿਚ ਲਾਲ ਰੰਗ ਦੇ ਫੁਲ ਖਿੜੇ ਹੋਏ ਸਨ" ਪਰ ਰਾਮਦਾਸ ਜੀ ਆਪਣੇ ਕਥਨ ਉਤੇ ਦ੍ਰਿੜ ਰਹੇ ਕਿ ਫੁੱਲਾਂ ਦਾ ਰੰਗ ਸੁਫੈਦ ਹੀ ਸੀ। ਤਦ ਹਨੂਮਾਨ ਜੀ ਆਪਣੇ ਅਸਲੀ ਰੂਪ ਵਿਚ ਪਰਗਟ ਹੋ ਕੇ ਕਹਿਣ ਲੱਗੇ, ਕਿ "ਮਹਾਰਾਜ, ਅਸ਼ੋਕ ਬਾਟਿਕਾ ਵਿਚ ਸੀਤਾ ਜੀ ਦੀ ਖਬਰ ਲੈਣ ਗਿਆ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ ਕਿ ਚਾਰੇ ਪਾਸੇ ਲਾਲ ਰੰਗ ਦੇ ਫੁਲ ਹੀ ਖਿੜੇ ਹੋਏ ਸਨ। ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਫੁੱਲਾਂ ਦਾ ਰੰਗ ਸੁਫੈਦ ਸੀ ?"

ਤਦ ਰਾਮਦਾਸ ਜੀ ਨੇ ਸਮਝਾਇਆ ਕਿ, "ਹਨੂਮਾਨ ਜੀ, ਫੁਲ ਤਾਂ ਸੁਫੈਦ ਹੀ ਸਨ, ਪਰ ਕਿਉਂਕਿ ਤੁਹਾਡੇ ਮਨ ਵਿਚ ਰਾਵਣ ਦੇ ਵਿਰੁਧ ਬੜਾ ਰੋਸ ਸੀ, ਤੇ ਤੁਹਾਡੀਆਂ ਅੱਖਾਂ ਗੁੱਸੇ ਵਿਚ ਲਾਲ ਸਨ, ਇਸ ਲਈ ਸਫੈਦ ਫੁਲ ਵੀ ਤੁਹਾਨੂੰ ਲਾਲ ਦਿਖਾਈ ਦੇ ਰਹੇ ਸਨ !"

Sri Satguru Jagjit Singh Ji Elibrary NamdhariElibrary@gmail.com

ਇਸੇ ਲਈ ਤਾਂ ਕਹਿੰਦੇ ਹਨ—"ਜਿਹੀ ਦ੍ਰਿਸ਼ਟੀ, ਤੇਹੀ ਸ੍ਰਿਸ਼ਟੀ"

ਸੰਸਾਰ ਦੀ ਹਰ ਚੀਜ਼, ਜੀਵਨ ਦੀ ਹਰ ਘਟਨਾ ਤੇ ਹਰ ਕਾਰਜ ਸਾਡੀ ਆਪਣੀ ਦ੍ਰਿਸ਼ਟੀ ਤੇ ਮਨ ਦੀ ਅਵਸਥਾ ਅਨੁਸਾਰ ਹੀ ਚੰਗਾ-ਭੈੜਾ, ਖੂਬਸੂਰਤ ਜਾਂ ਬਦਸੂਰਤ, ਸੁਖਦਾਈ ਜਾਂ ਦੁਖਦਾਈ ਬਣ ਜਾਂਦਾ ਹੈ। ਜੀਵਨ ਦਾ ਹਰ ਰੰਗ ਸਾਡੇ ਸੋਚਣ ਦੇ ਢੰਗ ਉਤੇ ਨਿਰਭਰ ਕਰਦਾ ਹੈ। ਜਿਹੜਾ ਮਨੁੱਖ ਖੁਸ਼ੀਆਂ ਭਰੇ ਅੰਦਾਜ਼ ਨਾਲ ਜਿਉਂਦਾ ਹੈ, ਉਸ ਦੀ ਜੀਵਨ ਯਾਤਰਾ ਹਸਦੇ-ਗਾਂਦੇ ਚਲਦੀ ਹੈ, ਪਰ ਜਿਸ ਵਿਅਕਤੀ ਨੇ ਦੁੱਖਾਂ ਤੇ ਗ਼ਮਾਂ ਨੂੰ ਆਪਣੀ ਜ਼ਿੰਦਗੀ ਦੀ ਹਕੀਕਤ ਸਮਝ ਲਿਆ, ਉਸ ਦਾ ਜੀਵਨ ਮੁਸੀਬਤਾਂ ਨਾਲ ਭਰਿਆ ਰਹਿੰਦਾ ਹੈ।

ਕੁਝ ਲੋਕ ਫਾਂਸੀ ਦੇ ਤਖਤਿਆਂ ਤੇ ਵੀ ਹੱਸਦੇ ਰਹੇ ਹਨ ਤੇ ਕੁਝ ਲੋਕ ਸ਼ਾਂਹੀ-ਤਖਤਾਂ ਤੇ ਵੀ ਰੋਂਦੇ ਰਹੇ ਹਨ। ਦੁਖ ਯਾ ਸੁਖ ਸਾਡੇ ਮਨ ਦੀ ਅਵਸਥਾ ਦੇ ਹੀ ਪ੍ਰਤੀਬਿੰਬ ਹਨ :—

"ਕੋਈ ਦੁਖ-ਦੁਖ ਨਹੀਂ, ਕੋਈ ਸੁਖ-ਸੁਖ ਨਹੀਂ,
ਫ਼ਰਕ ਹੈ ਆਪਣੀ ਆਪਣੀ ਸੋਚ ਦਾ
ਤੋਲ ਫੁੱਲਾਂ ਤੇ ਬਹਿ ਕੇ ਵੀ ਰੋਂਦੀ ਰਹੀ,
ਫੁਲ ਕੰਡਿਆਂ ਤੇ ਵੀ ਮੁਸਕਰਾਂਦੇ ਰਹੇ।"

ਗ਼ਮਾਂ ਦੀ ਸੂਲੀ ਉਤੇ ਈਸਾ ਵਾਂਗ ਲਟਕਦੇ ਰਹਿਣਾ ਤੇ ਹਸਰਤਾਂ ਦੀ ਮਾਲ-ਗੱਡੀ ਨੂੰ ਖਿੱਚੀ ਜਾਣਾ ਹੀ ਜ਼ਿੰਦਗੀ ਨਹੀਂ। ਸਗੋਂ ਜੀਵਨ ਨਾਮ ਹੈ ਉਸ ਦ੍ਰਿਸ਼ਟੀਕੋਨ ਦਾ ਜੋ ਕੰਡਿਆਂ ਵਿਚੋਂ ਵੀ ਮਹਿਕ ਲਭ ਲੈਂਦਾ ਹੈ ਤੇ ਦੁਖਾਂਤ ਨੂੰ ਵੀ ਖੁਸ਼ੀ ਵਿਚ ਗੁੰਨ੍ਹ ਕੇ ਜਿਉਣ ਦਾ ਸੁਆਦ ਮਾਣਦਾ ਹੈ। ਉਰਦੂ ਦੇ ਇਕ ਸ਼ਾਇਰ ਨੇ ਕਿਆ ਖ਼ੂਬ ਕਿਹਾ ਹੈ—

"ਤਲਖ਼ੀਆਂ ਭੀ ਜ਼ਿੰਦਗੀ ਕਾ ਜ਼ੁਜ਼ਵ ਹੈਂ
ਚੁਭਤੀ ਰਹਿਤੀ ਹੈਂ ਖ਼ਬੂਲੋਂ ਕੀ ਤਰ੍ਹਾ।
ਇਨ ਕੋ ਖ਼ਾਤਰ ਮੇਂ ਨ ਲਾ ਤੂ ਐ ਬਸ਼ਰ,
ਮੁਸਕਰਾ ਗੁਲਸ਼ਨ ਮੇਂ ਫੂਲੋਂ ਕੀ ਤਰ੍ਹਾ।"

ਬੇਸ਼ਕ, ਜ਼ਿੰਦਗੀ ਇਕ ਹਾਦਸਿਆਂ ਦਾ ਮੇਲਾ ਹੈ, ਪਰ ਜ਼ਿੰਦਗੀ ਦੇ ਆਸ਼ਕ ਇਸ ਮੇਲੇ ਵਿਚ ਵੀ ਤਸੱਲੀ ਦਾ ਚੁੰਮਣ ਲੱਭ ਲੈਂਦੇ ਹਨ। ਕਿਉਂਕਿ—

"ਮੁਤਮਇਨ ਹੋ ਦਿਲ ਤੋ ਹੈਂ ਸਹਿਰਾ ਕੇ ਸੱਨਾਟੇ ਭੀ ਗੀਤ
ਦਿਲ ਉਜੜ ਜਾਏ ਤੋ ਫਿਰ ਸ਼ਹਿਰੋਂ ਮੇਂ ਭੀ ਵੀਰਾਨੀ ਹੈ"

ਹਨੇਰੇ ਦੀ ਗੱਲ ਸੋਚਣ ਨਾਲ ਤਾਂ ਹਨੇਰਾ ਹੀ ਫੈਲਦਾ ਨਜ਼ਰ ਆਵੇਗਾ। ਸੋ ਕਿਉਂ ਨਾ ਚਾਨਣ ਦੀ ਕਲਪਨਾ ਕਰੀਏ, ਤਾਂ ਜੋ ਸਾਡੇ ਆਸੇ ਪਾਸੇ ਰੋਸ਼ਨੀ ਖਿਲਰੇ। ਸੰਸਾਰ ਦੇ ਇਸ ਜ਼ਮਨ ਵਿਚ ਸੁਖ ਦੇ ਫੁਲ ਵੀ ਹਨ ਤੇ ਦੁਖ ਦੇ ਕੰਡੇ ਵੀ। ਇਹ ਮਨੁਖ ਦੀ ਆਪਣੀ ਸੋਚ ਤੇ ਨਿਰਭਰ ਹੈ ਕਿ ਉਹ ਆਪਣੇ ਜੀਵਨ ਦੇ ਰੇਸ਼ਮੀ ਪੱਲੇ ਨੂੰ ਦੁਖ ਦੇ ਕੰਡਿਆਂ ਨਾਲ ਲੀਰੋ ਲੀਰ ਕਰਵਾ ਲਏ, ਜਾਂ ਜ਼ਿੰਦਗੀ ਦੀ ਝੋਲੀ ਨੂੰ ਸੁਖ ਦੇ ਸੁਗੰਧਿਤ ਫੁੱਲਾਂ ਨਾਲ ਭਰ ਲਵੇ। ਬਸ, ਲੋੜ ਹੈ, ਤਾਂ ਜ਼ਿੰਦਗੀ ਬਾਰੇ ਆਪਣਾ ਦ੍ਰਿਸ਼ਟੀ-ਕੋਨ ਬਦਲਣ ਦੀ। ਜੇ ਮੇਜ਼ ਉਤੇ ਅੱਧਾ ਗਿਲਾਸ ਪਾਣੀ ਦਾ ਰਖਿਆ ਹੈ, ਤਾਂ ਸਾਡੀ ਨਜ਼ਰ ਗਿਲਾਸ ਦੇ ਪਾਣੀ ਵਾਲੇ ਹਿੱਸੇ ਤੇ ਪਵੇ, ਨਾ ਕਿ ਖ਼ਾਲੀ ਹਿੱਸੇ ਤੇ! ਕਿਸੇ ਕਵੀ ਨੇ ਠੀਕ ਹੀ ਕਿਹਾ ਹੈ—

"ਆਂਖੋਂ ਮੇਂ ਬਹਾਰੋਂ ਕੋ ਬਸਾ ਲੇ ਪਗਲੇ,
ਕਾਂਟੇ ਭੀ ਤੁਝੇ ਫੂਲ ਦਿਖਾਈ ਦੇਂਗੇ"

ਦਿਆਲ ਚੰਦ ਮਿਗਲਾਨੀ
ਨਿਕਟ ਸ਼ੋਰੀ ਮਾਰਕੀਟ,
ਰੋਹਤਕ—੧੨੪੦੪੧
(ਹਰਿਆਣਾ)
ਫੋਨ : ੩੩੪੪

ਮੋਟਰ ਮਕੈਨਿਕਾਂ ਦੀ ਲੋੜ

ਡੀਜ਼ਲ ਮੋਟਰ ਗੜੀਆਂ, ਵਿਸ਼ੇਸ਼ ਕਰਕੇ ਟਾਟਾ ਮਸਡੀਜ਼ ਵਾਸਤੇ ਦੋ ਕੁਸ਼ਲ ਅਤੇ ਨਿਪੁੰਨ ਮੋਟਰ ਮਕੈਨਿਕਾਂ ਦੀ ਲੋੜ ਹੈ ਜੋ ਇਹਨਾਂ ਗੱਡੀਆਂ ਵਿਚ ਨੁਕਸ ਲੱਭਣ ਅਤੇ ਉਹਨਾਂ ਨੂੰ ਠੀਕ ਕਰਨ ਦੀ ਯੋਗਤਾ ਰਖਦੇ ਹੋਣ। ਤਨਖਾਹ ਯੋਗਤਾ ਅਨੁਸਾਰ ਬਹੁਤ ਮਾਕੂਲ ਦਿਤੀ ਜਾਵੇਗੀ। ਸਬੰਧਤ ਸੱਜਣ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰਨ।

ਹਰਭਜਨ ਸਰਬਜੀਤ ਐਂਡ ਐਸੋਸੀਏਟ
੨ ਐਸ. ਬੀ. ਐਚ. ਆਫੀਸਰਜ ਕਾਲੋਨੀ
ਜਾਲਨਾ ਰੋਡ ਔਰੰਗਾਬਾਦ — ੪੩੧੦੦੧
ਮਹਾਰਾਸ਼ਟਰ

Harbhajan Sarbjeet & Associates
2 S.B.H. Officers Colony
Jalna Road, Aurangabad — 431001
(Maharashtra)

Sri Satguru Jagjit Singh Ji Elibrary NamdhariElibrary@gmail.com

ਸਾਹਿਤ ਸਰਗਰਮੀਆਂ

ਜਲੰਧਰ ਦੇ ਸਮਾਗਮ

ਅਨੁਭਵੀ

ਖਾਲਸਾ ਕਾਲਜ ਜਲੰਧਰ ਦਾ ਪੰਜਾਬੀ ਵਿਭਾਗ ਅਤੇ 'ਤ੍ਰਿਵੇਣੀ' ਬੀਤੇ ਕੁਝ ਅਰਸੇ ਤੋਂ ਜਲੰਧਰ ਦੇ ਲੇਖਕ ਜਗਤ ਲਈ ਸਾਹਿਤਕ ਮਿਲਣੀਆਂ ਦੇ ਸਬੱਬ ਬਣਾਉਣ ਵਿਚ ਪੇਸ਼ ਪੇਸ਼ ਰਹੇ ਹਨ। ਰਾਮ ਸਰੂਪ ਅਣਖੀ ਦੀ ਨਵੀਂ ਪੁਸਤਕ 'ਛਪੜੀ ਵਿਹੜਾ' ਉਤੇ ਗੋਸ਼ਟੀ ਤੋਂ ਲੈ ਕੇ ਪ੍ਰੇਮ ਪ੍ਰਕਾਸ਼ ਦੇ 'ਚਿੰਤਨ ਅਤੇ ਕਲਾ ਦੀ ਸੀਮਾ' ਅਤੇ ਬਾਬਾ ਵਿਸਾਖਾ ਸਿੰਘ ਦੇ ਜੀਵਨ ਅਤੇ ਰਚਨਾ ਉਤੇ ਖਾਲਸਾ ਕਾਲਜ ਵਿਚ ਹੋਈਆਂ ਗੋਸ਼ਟੀਆਂ ਜਿਨਾਂ ਵਿਚ ਅਜੀਤ ਸੈਣੀ ਦੇ ਅਧੂਰਾ ਸ਼ਾਹਕਾਰ ਉਤੇ ਗੋਸ਼ਟੀ ਵੀ ਸ਼ਾਮਲ ਹੈ ਅਤੇ ਨੀਲਮਣੀ ਦੇ ਦਫ਼ਤਰ ਵਿਚ ਤ੍ਰਿਵੇਣੀ ਵਲੋਂ 'ਜਗਤਾਰ ਸਨਮਾਨ ਸਮਾਰੋਹ' ਅਤੇ ਚਾਰ ਨਵੇਂ ਕਵੀਆਂ ਸਵਿਤੋਜ, ਨਿਰੁਪਮਾ ਦੱਤ, ਜਸਵੰਤ ਦੀਦ ਅਤੇ ਗੁਰਚਰਨ ਚੀਮਾ, ਉਤੇ ਕਰਵਾਈ ਕਾਵਿ ਗੋਸ਼ਟੀ ਤੋਂ ਸ਼ੁਰੂ ਹੋ ਕੇ 'ਵਿਸ਼ਵਨਾਥ ਤਿਵਾੜੀ ਸਨਮਾਨ ਸਮਾਰੋਹ' ਤਕ ਤ੍ਰਿਵੇਣੀ ਦੀਆਂ ਸਰਗਰਮੀਆਂ ਅਧੀਨ ਜਲੰਧਰ ਵਿਚ ਸਮਾਗਮਾਂ ਦਾ ਜਿਵੇਂ ਹੜ੍ਹ ਆਇਆ ਰਿਹਾ। ਕੋਈ ਐਤਵਾਰ ਤਾ 'ਸੁੱਕਾ' ਲੰਘਿਆ ਹੀ ਨਹੀਂ ਉਂਝ ਇਹ ਸਮਾਗਮ ਹਫ਼ਤੇ ਦੇ ਵਿਚਕਾਰਲੇ 'ਰੁਝੇ ਹੋਏ ਦਿਨਾਂ' ਤੱਕ ਵੀ ਆਪਣੀ ਮਾਰ ਕਰਦੇ ਰਹੇ ਹਨ 'ਛਪੜੀ ਵਿਹੜਾ' ਉਤੇ ਹੋਈ ਗੋਸ਼ਟੀ ਦੀ ਪ੍ਰਧਾਨਗੀ ਪੰਜਾਬੀ ਦੇ ਉੱਘੇ ਕਹਾਣੀਕਾਰ ਕੁਲਵੰਤ ਸਿੰਘ ਵਿਰਕ, ਸੁਰਿੰਦਰ ਸਿੰਘ ਨਰੂਲਾ ਅਤੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਮੋਹਣ ਸਿੰਘ ਉਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ ਅਤੇ ਅਣਖੀ ਦੀ ਕਹਾਣੀ ਕਲਾ ਉਤੇ ਪਰਚਾ ਪੜਿਆ ਹਰਿਭਜਨ ਹਲਵਾਰਵੀ ਨੇ। 'ਅਧੂਰਾ ਸ਼ਾਹਕਾਰ' ਉਤੇ ਪਰਚਾ ਪ੍ਰਿੰਸੀਪਲ ਮੋਹਣ ਸਿੰਘ ਨੇ ਪੜਿਆ ਅਤੇ ਪ੍ਰਧਾਨਗੀ ਕੀਤੀ ਡਾਕਟਰ ਸਾਧੂ ਸਿੰਘ ਹਮਦਰਦ ਤੇ ਰੰਜਨ ਲੈਾਲ ਅਹੂਜਾ ਨੇ, ਜਦੋਂ ਕਿ ਪ੍ਰੇਮ ਪ੍ਰਕਾਸ਼ ਦੀ ਕਹਾਣੀ ਕਲਾ ਉਤੇ ਪਰਚਾ ਡਾਕਟਰ ਗੁਰਬਖ਼ਸ਼ ਸਿੰਘ ਫਰੈਂਕ ਨੇ ਪੜਿਆ ਅਤੇ ਇਸ ਸਮਾਗਮ ਦੇ ਦੂਸਰੇ ਅੱਧ ਵਿਚ ਗਦਰੀ ਬਾਬਾ ਵਿਸਾਖਾ ਸਿੰਘ ਜੀਵਨ ਅਤੇ ਰਚਨਾ (ਰਚਿਤ ਡਾਕਟਰ ਬਿਕਰਮ ਸਿੰਘ ਘੁੰਮਣ) ਉਤੇ ਪਰਚਾ ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਨਿਰੰਜਣ ਸਿੱਘ ਢੇਸੀ ਨੇ ਪੜਿਆ। ਇਸ ਸਮਾਗਮ ਦੇ ਦੋਹਾਂ ਸ਼ੈਸ਼ਨਾਂ ਦੀ ਮਿਲੀ ਜੁਲੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਵਾਈਸ ਚਾਂਲਸਰ ਡਾਕਟਰ ਜਗਤਾਰ ਸਿੰਘ ਗੋਤਵਾਲ, ਉਨਾ ਵੇ ਸਕੱਤਰ ਡਾਕਟਰ ਜੋਗਿੰਦਰ ਸਿੰਘ ਰਾਹੀਂ ਅਤੇ ਸ੍ਰੀ ਜਗਜੀਤ ਸਿੰਘ ਆਨੰਦ ਮੁੱਖ ਸੰਪਾਦਕ 'ਨਵਾਂ ਜ਼ਮਾਨਾ' ਨੇ ਕੀਤੀ। ਇਨਾਂ ਸਾਰੇ ਸਮਾਗਮਾਂ ਵਿਚ ਪਰਚਿਆਂ ਉਤੇ ਹੋਈ ਬਹਿਸ ਵਿਚ ਡਾਕਟਰ ਤੇਜਵੰਤ ਗਿੱਲ, ਡਾਕਟਰ ਜੋਗਿੰਦਰ ਰਾਹੀਂ, ਡਾਕਟਰ ਸਾਧੂ ਸਿੰਘ, ਈਸ਼ਨ ਸਿੰਘ ਅਟਾਰੀ, ਜਸਵੰਤ ਸਿੰਘ ਵਿਰਦੀ, ਵਰਿਆਮ ਸੰਧੂ, ਕੁਲਵੰਤ ਸਿੰਘ ਵਿਰਕ, ਸਰਿੰਦਰ ਸਿੰਘ ਨਰੂਲਾ, ਗੁਰਬਖਸ਼ ਸਿੰਘ ਬੰਨੋਆਣਾ, ਅਤਰ ਸਿੰਘ ਸ਼ਾਂਤ, ਲਖਵਿੰਦਰ ਜੌਹਲ, ਪ੍ਰੇਮ ਪ੍ਰਕਾਸ਼, ਸੁਰਜੀਤ ਕੌਰ ਤੇ ਜਗੀਰ ਕਾਹਲੋਂ ਆਦਿ ਨੇ ਪੂਰਜੋਰ ਹਿੱਸਾ ਲਿਆ।

ਇਨਾਂ ਸਮਾਗਮਾਂ ਨੇ ਕਈ ਸਾਲਾਂ ਬਾਦ ਇਕ ਵਾਰ ਫੇਰ ਖਾਲਸਾ ਕਾਲਜ ਜਲੰਧਰ ਨੂੰ ਅਦਬੀ ਸਰਗਰਮੀਆਂ ਦਾ ਕੇਂਦਰ ਬਣਾ ਦਿਤਾ ਹੈ ਜਿਸਦਾ ਕਾਰਨ ਪ੍ਰਿੰਸੀਪਲ ਠਾਜਾ ਹਰਨਰਿੰਦਰ ਸਿੰਘ ਅਤੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਨਿਰੰਜਣ ਸਿੰਘ ਢੇਸੀ ਦਾ ਸਾਹਿਤ ਮੁਖੀ ਸੁਭਾਅ ਹੀ ਆਖਿਆ ਜਾ ਸਕਦਾ ਹੈ।

'ਦਾਇਰੇ' ਦੇ ਏਹੁ ਚਰਚਿਤ ਸਮਾਗਮ ਪਿਛੋਂ ਮੁੜ ਸਰਗਰਮ ਹੋਈ ਤ੍ਰਿਵੇਣੀ ਵਲੋਂ ਉਤੋੜਿਤੀ ਕਈ ਸਮਾਗਮ ਕਰਵਾਏ ਗਏ। ਇੰਦੂ ਬਾਲੀ ਨਾਲ ਇਕ ਸ਼ਾਮ ਤੋਂ ਸ਼ੁਰੂ ਹੋਈ ਇਹ ਸਮਾਗਮ ਲੜੀ ਡਾਕਟਰ ਵਿਸ਼ਵਾਨਾਥ ਤਿਵਾੜੀ ਦੇ ਰਾਜ ਸਭਾ ਦਾ ਮੈਂਬਰ ਬਣਨ ਉਤੇ "ਤਿਵਾੜੀ ਨਾਲ ਇਕ ਸ਼ਾਮ" ਤੱਕ ਪਹੁੰਚੀ ਹੈ। ਇਨਾਂ ਸਮਾਗਮਾਂ ਵੇ ਵਿਚਕਾਰ 'ਜਗਤਾਰ ਸਮਾਰੋਹ ਵੀ ਹੋਇਆ, ਕਾਵਿ-ਗੋਸ਼ਟੀ ਵੀ ਅਤੇ ਇੰਟਰਨੈਸ਼ਨਲ ਹੋਟਲ ਵਿਚ ਧੂਮਧਾਮ ਨਾਲ ਹੋਇਆ ਸੁਰੇਖ ਸੇਠ ਸ਼ਾਬਦਿਕ ਸਨਮਾਨ ਸਮਾਰੋਹ ਵੀ ਹੋਇਆ। ਇਸ ਸਮਾਗਮ ਨੇ ਦਾਇਰੇ ਦੇ ਨਰਿੰਦਰਾ ਅਤੇ ਸਕਾਈਲਾਰਕ ਵਿਚ ਹੋਏ ਸਮਾਗਮਾਂ ਦੀ ਯਾਦ ਤਾਜਾ ਕਰ ਦਿਤੀ।

ਡਾਕਟਰ ਜਗਤਾਰ ਦੇਸ਼-ਬਦੇਸ਼ ਦਾ ਦੌਰਾ ਕਰਕੇ ਹਿੰਦ

Sri Satguru Jagjit Singh Ji Elibrary NamdhariElibrary@gmail.com

ਬਿਸਮਿਲ ਫਰੀਦਕੋਟੀ ਦੀ ਬਰਸੀ

ਪਿਛਲੇ ਦਿਨੀਂ ਲੋਕ ਕਵੀ ਗਿਰਧਾਰੀ ਲਾਲ ਬਿਸਮਿਲ ਉਰਫ ਬਿਸਮਿਲ ਫ਼ਰੀਦਕੋਟੀ ਦੀ ਅਠਵੀਂ ਬਰਸੀ ਦੇ ਮੌਕੇ ਦੇ ਸਾਹਿਤ ਸਭਾ ਫ਼ਰੀਦਕੋਟ ਨੇ ਬਰਜਿੰਦਰਾ ਕਾਲਜ ਫ਼ਰੀਦਕੋਟ ਵਿੱਚ ਇੱਕ ਸਮਾਗਮ ਪ੍ਰਿੰਸੀਪਲ ਸੁਜਾਨ ਸਿੰਘ, ਅਜਾਇਬ ਚਿਤਰਕਾਰ ਅਨੰਤ ਸਿੰਘ ਕਾਬਲੀ ਡਾ. ਲਾਲ ਸਿੰਘ ਗਿੱਲ, ਡਾ. ਤਰਲੋਚਨ ਸਿੰਘ ਬੇਦੀ ਤੇ ਹਰਚੰਦ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਕੀਤਾ ਜਿਸਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਸ. ਹਰਮੰਦਰ ਸਿੰਘ ਦਿਉਲ ਜੀ ਨੇ ਕੀਤਾ। ਇਕਬਾਲ ਘਾਰੂ ਨੇ ਬਿਸਮਿਲ ਦੇ ਗੀਤ ਨਾਲ ਸਮਾਗਮ ਦਾ ਆਰੰਭ ਕੀਤਾ। ਹਰਚੰਦ ਸਿੰਘ ਸੇਖੋਂ ਨੇ ਜੋ ਕਿ ਸਭਾ ਦੇ ਪ੍ਰਧਾਨ ਵੀ ਨੇ ਸਭਾ ਬਾਰੇ ਸੰਖੇਪ ਰਿਪੋਰਟ ਪੜੀ ਤੇ ਬਿਸਮਿਲ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭਾ ਵਲੋਂ ਪ੍ਰਿ: ਸੁਜਾਨ ਸਿੰਘ ਦੁਆਰਾ 'ਬਿਸਮਾਲ ਯਾਦਗਾਰੀ ਐਵਾਰਡ' ਸ. ਸੰਤੋਖ ਸਿੰਘ ਧੀਰ ਨੂੰ ਉਸਦੀਆਂ ਸਾਹਿਤਕ ਸੇਵਾਵਾਂ ਦਾ ਸਤਿਕਾਰ ਕਰਦਿਆਂ ਹੋਇਆਂ ਦੁਆਇਆ ਗਿਆ। ਉਪਰੰਤ ਤੇਰਾ ਸਿੰਘ ਚੰਨ ਨੇ ਨਵਰਾਹੀ ਘੁਗਿਆਣਵੀ ਦਾ ਦੂਜਾ ਕਾਵਿ-ਸੰਗ੍ਰਹਿ 'ਥਲਾਂ ਦੀ ਰੇਤ' ਆਪਣੇ ਦਸਤੇ ਮੁਬਾਰਿਕ ਨਾਲ ਰਲੀਜ਼ ਕੀਤਾ ਜਿਸ ਤੇ ਸੁਰਜੀਤ ਸਿੰਘ ਸੱਧਰ ਨੇ ਸੰਖੇਪ ਪਰਚਾ ਪੜ੍ਹਕੇ ਪੁਸਤਕ ਦੇ ਮੁਹਾਂਦਰੇ ਨਾਲ ਜਾਣ ਪਹਿਚਾਣ ਕਰਵਾਈ। ਸਮਾਗਮ ਦੇ ਦੂਜੇ ਪੜਾਅ ਵਿਚ ਬਿਲਮਿਲ ਯਾਦਗਾਰੀ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਪੰਜਾਬ ਦੇ ਉਘੇ ਕਵੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਸ. ਸੰਤੋਖ ਸਿੰਘ ਧੀਰ ਤੇਰਾ ਸਿੰਘ ਚੰਨ, ਅਜਾਇਬ ਚਿਤਰਕਾਰ, ਅਨੰਤ ਸਿੰਘ ਕਾਬਲੀ, ਰਣਜੀਤ ਸਿੰਘ ਦਿਲਸ਼ਾਦ, ਪ੍ਰੋ. ਸਾਧੂ ਸਿੰਘ, ਡਾ. ਕਿਰਪਾਲ ਕੌਰ ਨਵਰਾਹੀ ਘੁਗਿਆਣਵੀ ਹਰਦੀਪ ਕਟਾਰੀਆ, ਗੁਰਦਾਸ ਕ੍ਰੀਣ ਕੌਟ ਕਪੂਰਵੀ ਦੇ ਨਾਂ ਵਰਨਣਯੋਗ ਹਨ। ਇਸ ਤੋਂ ਉਪ੍ਰੰਤ ਹੋਰ ਅਨੇਕਾਂ ਕਵੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ। ਸਮਾਗਮ ਦੇ ਅੰਤ ਵਿਚ ਪ੍ਰਿ: ਸੁਜਾਨ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਨ ਦੇਂਦਿਆ ਕਿਹਾ ਕਿ ਸਾਹਿਤਕਾਰਾਂ ਨੂੰ ਪਿੰਡਾਂ ਦੇ ਲੋਕਾਂ ਲਈ ਲਿਖਣਾ ਚਾਹੀਦਾ ਹੈ ਤੇ ਕਵੀ ਦਰਬਾਰ ਪਿੰਡਾਂ ਵਿੱਚ ਕਰਨੇ ਚਾਹੀਦੇ ਹਨ। ਅੰਤ ਵਿਚ ਇੱਕ ਗਰੁਪ ਫੋਟੋ ਨਾਲ ਸਮਾਗਮ ਦੀ ਸਮਾਪਤੀ ਕੀਤੀ ਗਈ।

ਸੁਰਜੀਤ ਸਿੰਘ ਸੱਧਰ
ਜਨਰਲ ਸਕੱਤਰ ਸਾਹਿਤ ਸਭਾ ਫਰੀਦਕੋਟ

ਪਰਤੇ ਸਨ ਤਾਂ ਸਮਾਗਮ ਨੇ ਉਨਾ ਦੇ ਪੱਛਮ ਬਾਰੇ ਅਨੁਭਵ ਜਲੰਧਰ ਦੇ ਸਾਹਿਤਕ ਮਾਹੌਲ ਨਾਲ ਸਾਂਝੇ ਕਰਨ ਦਾ ਇਕ ਮੌਕਾ ਪ੍ਰਦਾਨ ਕੀਤਾ। ਜੋ ਵੀ ਸੀ, ਇਹ ਇਕ ਸੁੰਦਰ ਮੰਚ ਸੀ। ਪਛਮ ਬਾਰੇ ਜਗਤਾਰ ਦੇ ਅਨੁਭਵ ਭਾਵੇਂ ਪੰਜਾਬੀ ਸਾਹਿਤਕਾਰਾਂ ਅਤੇ ਪੰਜਾਬੀ ਯਾਤਰੂਆਂ ਨਾਲੋਂ ਕੋਈ ਵਖਰੇ ਨਹੀਂ ਸਨ ਪਰ ਫੇਰ ਵੀ ਸਾਹਿਤਕਾਰ ਇਨਾਂ ਅਨੁਭਵਾਂ ਨੂੰ ਜਾਣਨ ਲਈ ਬੜੇ ਉਮਾਹ ਨਾਲ ਪਹੁੰਚੇ ਸਨ। ਚਾਰ ਨਵੇਂ ਕਵੀਆਂ ਦੀਆਂ ਚਾਰ ਚਾਰ ਕਵਿਤਾਵਾਂ ਉਤੇ ਪੜਿਆ ਗਿਆ ਲਖਵਿੰਦਰ ਜੌਹਲ ਦਾ ਪਰਚਾ ਇਸ ਸਮਾਗਮ ਦਾ ਦੂਸਰਾ ਅੱਧ ਸੀ। ਪਰਚੇ ਉਤੇ ਗਰਮਾ ਗਰਮ ਬਹਿਸ ਹੋਈ। ਕੁਝ ਇਕ ਨੇ ਇਸ ਪਰਚੇ ਨੂੰ ਬਰਾਰਤ ਅਧੀਨ ਲਿਖਿਆ ਗਿਆ ਕਿਹਾ ਤੇ ਕੁਝ ਹੋਰਾਂ ਨੇ ਇਸਨੂੰ ਸ਼ਤਾਰਤ ਕਹਿਣ ਵਾਲਿਆਂ ਨੂੰ ਬਰਾਰਤੀ ਕਿਹਾ।

ਚਾਰ ਕਵੀਆਂ ਦੀਆਂ ਕੁਝ ਕਵਿਤਾਵਾਂ ਉਤੇ ਇਸ ਤਰ੍ਹਾਂ ਪਰਚਾ ਲਿਖਣ/ਲਿਖਵਾਉਣ ਦੀ ਪਿਰਤ ਨਿਵੇਕਲੀ ਸੀ ਜਿਸਨੇ ਪਿਛਲੇ ਦਿਨੀਂ ਬਰਨਾਲੇ ਵਿਚ ਲਿਟਰੇਰੀ ਸੱਟਡੀ ਸਰਕਲ ਵਲੋਂ ਵੀ ਇਕ ਅਜੇਹਾ ਹੀ ਸਮਾਗਮ ਕਰਵਾ ਦਿਤਾ ਹੈ। ੨੬ ਜਨਵਰੀ ਨੂੰ ਹੋਏ ਇਸ ਸਮਾਗਮ ਵਿਚ ਭੁਪਿੰਦਰ, ਰਵਿੰਦਰ ਭਠਲ, ਗੁਰਚਰਨ ਚੀਮਾ, ਦਰਸ਼ਨ ਦਰਵੇਸ਼ ਅਤੇ ਕ੍ਰਿਸ਼ਨੀਵ ਦੀ ਇਕ ਇਕ ਕਵਿਤਾ ਉਤੇ ''ਪੰਜ ਅਵਾਜ਼ਾਂ ਸਾਂਝੀ ਸੁਰ ਦੇ ਸਿਰਲੇਖ ਹੇਠ ਪੰਜਾਬੀ ਦੇ ਬੜੇ ''ਕਟੜ ਆਲੋਚਕ'' ਪ੍ਰੋਫੈਸਰ ਤੇਜਵੰਤ ਮਾਨ ਨੇ ਪਰਚਾ ਪੜਿਆ ਜਿਸ ਉਤੇ ਗਰਮਾ ਗਰਮ ਬਹਿਸ ਹੋਈ।

ਜਲੰਧਰ ਦੀਆਂ ਸਾਹਿਤਕ ਸਰਗਰਮੀਆਂ ਵਿਚ ਆਈ ਨਵੀਂ ਹਲਚਲ ਨੇ ਇਹ ਗੱਲ ਬੜੀ ਸ਼ਿਦੱਤ ਨਾਲ ਖਟਕਾਈ ਹੈ ਕਿ ਹਮੇਸ਼ਾ ਸਰਗਰਮ ਰਹੀ ਲੇਖਕ ਸਭਾ ਜਲੰਧਰ ਪਿਛਲੇ ਕੁਝ ਅਰਸੇ ਤੋਂ ਜਿਵੇਂ ਮੈਦਾਨ ਚੋਂ ਨਿਕਲ ਗਈ ਜਾਪਦੀ ਹੈ। ★

Sri Satguru Jagjit Singh Ji Elibrary NamdhariElibrary@gmail.com

ਬਾੜਾ ਦਰਿਆ

—ਜਸਵੰਤ ਸਿੰਘ ਵਿਰਦੀ

ਬਾੜਾ ਦਰਿਆ ਲੰਬਾਈ ਕਰਕੇ ਨਹੀਂ, ਸਗੋਂ ਆਪਣੇ ਗੁਣਾਂ ਕਰਕੇ ਵੱਡਾ ਹੈ। ਲੋਕਾਂ ਪ੍ਰਤਿ ਉਸ ਦੀ ਮਿਹਰਬਾਨੀ ਕਰਕੇ ਹੀ ਲੋਕ ਉਸ ਨੂੰ ਛੋਟਾ ਹੋਣ ਦੇ ਬਾਵਜੂਦ ਵੀ, ਬੜਾ ਸਮਝਦੇ ਨੇ।

ਮੈਂ ਆਪਣੇ ਕਈ ਪਿਸ਼ਾਵਰੀ ਦੋਸਤਾਂ ਨਾਲ ਬਾੜਾ ਦਰਿਆ ਬਾਰੇ ਗੱਲਾਂ ਕੀਤੀਆਂ ਨੇ, ਤੇ ਉਹ ਬਾੜਾ ਦਰਿਆ ਦੀ ਵਡਿਆਈ ਪ੍ਰਤਿ ਬਹੁਤ ਭਾਵਕ ਨੇ। ਜੇਕਰ ਮੈਂ ਦਰਿਆ ਦੇ ਵਿਰੁਧ ਕੋਈ ਗੱਲ ਕਹਿ ਦਿੰਦਾ ਤਾਂ ਸ਼ਾਇਦ ਕੋਈ ਮੇਰੇ ਦੇ ਚਾਰ ਘਸੁੰਨ ਹੀ ਕਢ ਮਾਰਦਾ। ਕਿਉਂਕਿ ਪਿਸ਼ੌਰੀ ਲੋਕਾਂ ਦਾ ਅੱਖੜ ਪੁਣਾ ਸੰਸਾਰ ਪ੍ਰਸਿਧ ਹੈ। ਪਰ ਨਹੀਂ, ਬਾੜਾ ਦਰਿਆ ਦੇ ਪਾਣੀਆਂ ਨੂੰ ਪੀਕੇ ਸੂਰਮੇ ਬਣੇ ਹੋਏ ਲੋਕ ਇਸ ਤਰ੍ਹਾਂ ਦੇ ਨਹੀਂ ਹੁੰਦੇ। ਉਨ੍ਹਾਂ ਦੇ ਸਰੀਰ ਬੜੇ ਤਕੜੇ, ਪਰ ਦਿਲ ਬੜੇ ਨਰਮ ਨੇ। ਮੋਹ ਭਰੇ ਹਮਦਰਦ। ਜਿਵੇਂ ਕਿ ਬਾੜਾ ਦਰਿਆ ਦੀਆਂ ਛੱਲਾਂ ਦਾ ਪ੍ਰਭਾਵ।

ਬਾੜਾ ਦਰਿਆ ਦੇ ਪਾਣੀਆਂ ਦੇ ਨੇੜੇ ਪਿਸ਼ਾਵਰ ਵਿਚ ਜਿਹੜੀ ਸੁਗੰਧੀਆਂ ਭਰੀ ਪੌਣ ਰੁਮਕਦੀ ਹੈ, ਲੋਕ ਕਹਿੰਦੇ ਨੇ ਕਿ ਉਹ ਬਦਾਮ, ਅੰਗੂਰ, ਸੇਬ, ਅਨਾਰ, ਪਿਸਤਾ, ਕਿਸ਼ਮਿਸ਼, ਸਰਦਾ ਅਤੇ ਹੋਰ ਅਨੇਕ ਤਰ੍ਹਾਂ ਦੇ ਫਲਾਂ ਅਤੇ ਮੇਵਿਆਂ ਦੇ ਪ੍ਰਭਾਵ ਕਰਕੇ ਹੀ ਮਹਿਕ ਭਰਪੂਰ ਹੈ। ਪਰ ਮੈਨੂੰ ਤਾਂ ਲੋਕਾਂ ਦੇ ਖੁਸ਼ਗਵਾਰ ਸੁਭਾ ਕਰਕੇ ਵੀ ਉਸ ਦੀ ਮਹਿਕ ਦਾ ਇਹ ਅਸਰ ਮਹਿਸੂਸ ਹੁੰਦਾ ਹੈ।

ਬਾੜਾ ਦਰਿਆ ਦੀ ਧਾਰ ਦਾ ਜਨਮ ਸਰਹਦੀ ਸੂਬੇ ਵਿਚ, ਤਿਰਾਹ ਦੀ ਉੱਚ-ਭੁੰਇ ਵਿਚੋਂ ਹੁੰਦਾ ਹੈ, ਅਤੇ ਉਹ

ਲੇਖਕ

ਸਫੇਦ ਕੋਹ ਤੇ ਉਸ ਦੇ ਇਕ ਟੱਟੇ ਸਰਘਰ ਸਿਖਰ ਦੇ ਵਿਚਕਾਰ, ਪੂਰਬ ਵਲ ਨੂੰ ਵਗਦਾ ਹੈ। ਸਰਘਰ ਸਿਖਰ ਇਸ ਦੇ ਉੱਤਰ ਵਲ ਨੂੰ ਹੈ, ਅਤੇ ਤੋਰਘਰ ਜਾਂ ਜੀਆ-ਓ-ਦੀਨ ਦੀ ਚੋਟੀ ਦਖਣ ਵਿਚ ਹੈ, ਅਤੇ ਉਹ ਇਸ ਦੀ ਧਾਰ ਨੂੰ ਮਸੂਤਰਾ ਵਾਦੀ ਤੋਂ ਵਖ ਕਰਦੀ ਹੈ।

ਖੈਬਰ ਦਾ ਦੱਰਾ ਪਿਸ਼ਾਵਰ ਤੋਂ ਤੇਰਾਂ-ਚੌਦਾ ਮੀਲ ਪਛਮ ਵਲ ਨੂੰ ਹੈ। ਸੁੱਰਖਿਆ ਅਤੇ ਸਰਦਾਰੀ ਦੇ ਪੱਖੋਂ ਵਿਸ਼ਵ ਭਰ ਵਿਚ ਪ੍ਰਸਿੱਧ ਰਾਹ। ਇਤਿਹਾਸ ਦੇ ਜੁਗ ਵਿਚ ਜਿਸ ਕਿਸੇ ਨੇ ਵੀ ਖੈਬਰ ਦੱਰੇ ਦੇ ਖੇਤਰ ਤੇ ਕਬਜ਼ਾ ਕਰ ਲਿਆ, ਉਹੋ ਹੀ ਕਾਬੁਲ ਤੇ ਦਿੱਲੀ ਦਾ ਮਾਲਿਕ ਬਣ ਬੈਠਾ।

Sri Satguru Jagjit Singh Ji Elibrary NamdhariElibrary@gmail.com

ਤਿਰਾਹ ਵਿਚ ਬਾਤਾ ਦਰਿਆ ਦੀ ਵਾਦੀ ਇਨ੍ਹਾਂ ਦਿਲਕਸ਼ ਚੰਟੀਆਂ ਵਿਚਕਾਰ ਪਸਰੀ ਹੋਈ ਹੈ, ਤੇ ਹਰ ਪਾਸੇ ਪਾਇਨ ਦੇ ਹਰਿਔਲੇ ਦ੍ਰਿਸ਼ ਦੇਖਣ ਨੂੰ ਮਿਲਦੇ ਹਨ। ਪਰ ਸਮਤਲ ਧਰਤੀ ਬਹੁਤ ਘਟ ਹੈ, ਜਿਸ ਕਰਕੇ ਕੋਈ ਬਾਰੈਣਕ ਬਹਿਰ ਨਹੀਂ ਹੈ, ਸਿਵਾਏ ਪਿਸ਼ਾਵਰ ਦੇ।

ਲੋਕਾਂ ਦੇ ਘਰ ਬੜੇ ਉਬੜ-ਖਾਬੜ ਥਾਵਾਂ ਤੇ ਨੇ। ਉਨ੍ਹਾਂ ਦਾ ਇਕ ਦੂਸਰੇ ਨਾਲ ਨਾਤਾ ਕੇਵਲ ਹਵਾਵਾਂ ਦੇ ਸਾਹਵਾਂ ਕਰਕੇ ਹੀ ਜੁੜਿਆ ਹੋਇਆ ਹੈ। ਸੰਨ ੧੮੯੭ ਵਿਚ ਜਦੋਂ ਫਰੰਗੀ ਫੌਜਾਂ ਨੇ ਬਾੜਾ ਦਰਿਆ ਦੀ ਵਾਦੀ ਵਿਚ ਪ੍ਰਵੇਸ਼ ਕੀਤਾ, ਤਾਂ ਉਨ੍ਹਾਂ ਦੀ ਜਿਵੇਂ ਜਾਨ ਹੀ ਨਿਕਲ ਗਈ। ਇਸ ਵਾਦੀ ਦੇ ਲੋਕਾਂ ਨੂੰ ਗੁਲਾਮ ਬਣਾਨਾ, ਰਬ ਨੂੰ ਅਧੀਨ ਕਰਨ ਵਾਲੀ ਗਲ ਸੀ।

ਬਾਤਾ ਕਿਲ੍ਹੇ ਦੇ ਨੇੜੇ ਜਦੋਂ ਦਰਿਆ ਪਿਸ਼ਾਵਰ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਉਸ ਦਾ ਜਲਵਾ ਇਕ ਜੋਤੂ ਵਰਗਾ ਤਪ ਤੇਜ ਭਰਪੂਰ ਨਜ਼ਰ ਆਉਂਦਾ ਹੈ। ਸ਼ਾਇਦ ਇਸ ਕਰਕੇ, ਕਿ ਉਹ ਖੈਬਰ ਘਾਟ ਤੋਂ ਆਕੇ ਪਿਸ਼ਾਵਰ ਵਿਚ ਦਾਖਿਲ ਹੁੰਦਾ ਹੈ।

ਪਿਸ਼ਾਵਰ ਤੋਂ ਦਖਣ ਵਲ ਨੂੰ ਬਾੜਾ ਲੁਆਂਬੀ ਨਦੀ ਨਾਲ ਮਿਲਕੇ ਲੰਡੇ ਦਰਿਆ ਨਾਲ ਸ਼ਾਮਿਲ ਹੋ ਜਾਂਦਾ ਹੈ।

ਬਾੜਾ ਦੇ ਪਾਣੀਆਂ ਵਿਚ ਕੁਝ ਇਸ ਤਰ੍ਹਾਂ ਦੀ ਤਾਸੀਰ ਹੈ ਕਿ ਉਸ ਦੇ ਦੁਆਲੇ ਦੀ ਭੌਇੰ ਵਿਚ ਏਨੇ ਸੁਆਦੀ ਚਾਵਲ ਪੈਦਾ ਹੁੰਦੇ ਨੇ ਕਿ ਲੋਕ ਦੂਰ-ਦੂਰ ਤੋਂ ਉਨ੍ਹਾਂ ਦੀ ਸੁਗਾਤ ਮੰਗਦੇ ਨੇ।

ਪਿਸ਼ਾਵਰ ਸ਼ਹਿਰ ਤੋਂ ਦਖਣ-ਪਛਮ ਵਲ ਨੂੰ ਹੋਕੇ ਇਸ ਦੀ ਧਾਰ ਉੱਤਰ ਪੂਰਬ ਵਲ ਨੂੰ ਪਲਟ ਜਾਂਦੀ ਹੈ, ਤੇ ਫਰ ਪਣਾਂ ਵਿਚ ਹੀ ਕਾਬੁਲ ਦਰਿਆ ਵਿਚ ਜਾ ਡਿਗਦੀ ਹੈ। ਲੰਡੇ ਦੇ ਪਾਣਆਂ ਸਮੇਤ।

ਬਾੜਾ ਦਰਿਆ ਦੀ ਜਿਹਤੀ ਸ਼ਾਖ ਪਿਸ਼ਾਵਰ ਸ਼ਹਿਰ ਵਿਚ ਦੀ ਵਗਦੀ ਹੈ, ਉਸ ਵਿਚੋਂ ਬਹੁਤ ਸਾਰੀਆਂ ਕੂਲ੍ਹਾਂ ਫੁਟਕੇ ਸ਼ਹਿਰ ਭਰ ਵਿਚ ਫੈਲ ਗਈਆਂ ਨੇ, ਜਿਨ੍ਹਾਂ ਨਾਲ ਪਿਸ਼ਾਵਰ ਦੇ ਬਾਗਾਂ ਦੇ ਫੁੱਲ ਤੇ ਲੋਕਾਂ ਦੇ ਚਿਹਰੇ ਹਰ ਵੇਲੇ ਖਿੜੇ ਹੋਏ ਪ੍ਰਤੀਤ ਹੁੰਦੇ ਨੇ। ਪਰ ਇਸ ਦੀ ਧਾਰ ਨੇ ਅਜ ਤਕ ਕਦੀ ਵੀ ਆਪਣੀ ਇਸ ਮਿਹਰਬਾਨੀ ਦਾ ਪ੍ਰਗਟਾਵਾ ਨਹੀਂ ਕੀਤਾ। ਇਵਜ਼ਾਨਾ ਵੀ ਨਹੀਂ ਮੰਗਿਆ।

ਬਾੜਾ ਦਰਿਆ ਦੀ ਵਧ ਤੋਂ ਵਧ ਲੰਬਾਈ ੧੦੦ ਮੀਲ ਹੋਵੇਗੀ। ਤਿਰਾਹ ਦੀ ਉੱਚ-ਭੌਇੰ ਤੋਂ ਚਲਕੇ ਪਿਸ਼ਾਵਰ ਦੇ ਦਖਣ ਵਿਚ ਕਾਬੁਲ ਦਰਿਆ ਨਾਲ ਮਿਲਣ ਤਕ ਇਸ ਦਾ ਰਾਹ ਵਧੇਰੇ ਕਰਕੇ ਸੁੰਨਸਾਨ ਵੀਰਾਨੇ ਅਤੇ ਬੇਰੌਣਕ ਪਹਾੜੀ ਖੇਤਰ ਵਿਚੋਂ ਹੀ ਲੰਘਦਾ ਹੈ।

'ਕੀ ਤੈਨੂੰ ਇਨ ਸੁੰਨਸਾਨ ਵੀਰਾਨੇ ਵਿਚੋਂ ਡਰ ਨਹੀਂ ਲਗਦਾ ?' ਮੈਂ ਦਰਿਆ ਤੋਂ ਪੁਛਦਾ ਹਾਂ।

'ਨਹੀਂ।' ਉਹਦਾ ਸ਼ਹਿਜ ਉੱਤਰ ਹੈ।

'ਕਿਉਂ ?'

'ਮੈਂ ਆਪਣੀ ਧਰਤੀ ਦੀ ਹਿੱਕ ਨਾਲ ਲਗ ਕੇ ਜੁ ਟੁਰਦਾ ਹਾਂ।'

ਪਿਸ਼ਾਵਰ ਦੇ ਕਿਲ੍ਹੇ ਤੋਂ ਦੋ ਕੁ ਮੀਲ ਉਪਰੋਂ ਦਰਿਆ ਦੇ ਪਾਣੀ ਨੂੰ ਬਨ੍ਹ ਮਾਰਕੇ ਪਿਸ਼ਾਵਰ ਦੇ ਲੋਕਾਂ ਵਾਸਤੇ ਪੀਣ ਦੇ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ।

ਕਹਿੰਦੇ ਨੇ ਕਿ ਪਿਸ਼ਾਵਰ ਦੀ ਵਾਦੀ ਸਦੀਆਂ ਪਹਿਲਾਂ ਕੋਈ ਝੀਲ ਸੀ, ਜੋਕਿ ਕਾਬੁਲ ਬਾੜਾ ਤੇ ਹੋਰ ਦਰਿਆ ਦੀ ਗਾਰ ਨਾਲ ਹੌਲੀ ਹੌਲੀ ਭਰਦੀ ਗਈ, ਤੇ ਹੁਣ ਇਹ ਇਕ ਦਿਲਕਸ਼ ਪ੍ਰਭਾਵ ਵਾਲੀ ਵਾਦੀ ਵਿਚ ਤਬਦੀਲ ਹੋ ਗਈ ਹੈ। ਪਿਸ਼ਾਵਰ ਦੇ ਲੋਕ—ਮਰਦ, ਇਸਤ੍ਰੀਆਂ ਮੈਨੂੰ ਉਸੇ ਹੀ ਪੁਰਾਤਨ ਝੀਲ ਵਿਚੋਂ ਨਿਕਲੇ ਹੋਏ ਸੰਖ ਤੇ ਸਿੱਪੀਆਂ ਪ੍ਰਤੀਤ ਹੁੰਦੇ ਨੇ।

ਇਸ ਦਰਿਆ ਦੀ ਧਾਰ ਨੇ ਪਿਸ਼ਾਵਰ ਵਾਦੀ ਦੀ ਨਰਮ-ਨਾਜ਼ੁਕ ਧਰਤੀ ਨੂੰ ਕਾਫੀ ਗਹਿਰਾਈ ਤਕ ਚੀਰ ਕੇ ਆਪਣੇ ਲਈ ਰਾਹ ਬਣਾਇਆ ਹੈ। ਸ਼ਾਇਦ ਇਸੇ ਕਰਕੇ ਹੀ ਇਹ ਆਪਣੇ ਦੁਆਲੇ ਦੇ ਵਸੋਂ ਵਾਲੇ ਇਲਾਕੇ ਤੋਂ ਕਾਫੀ ਨੀਵਾਂ ਹੋ ਕੇ ਵਗਦਾ ਹੈ। ਨੀਵਾਂ ਹੋਕੇ ਵਗਣਾ ਸਾਡੇ ਦਰਿਆਵਾਂ ਦਾ ਸੁਭਾ ਜੁ ਹੋਇਆ। ਨੀਵੇਂ ਹੋ ਕੇ ਟੁਰਨ ਵਾਲੇ ਲੋਕਾਂ ਨੂੰ ਆਮ ਤੌਰ ਤੇ ਭਾਵੇਂ ਅਸੀਂ ਘਟ ਹੀ ਗੌਲਦੇ ਹਾਂ, ਪਰ ਉਨ੍ਹਾਂ ਦੇ ਮਿੱਠਤ ਭਰੇ ਗੁਣ ਸਾਨੂੰ ਪ੍ਰਭਾਵਿਤ ਕੀਤੇ ਬਿਨਾ ਨਹੀਂ ਰਹਿੰਦੇ। ਬਾੜਾ ਦਰਿਆ ਦੀ ਵੀ ਕੁਝ ਇਸੇ ਤਰ੍ਹਾਂ ਦਾ

Sri Satguru Jagjit Singh Ji Elibrary NamdhariElibrary@gmail.com

ਹੀ ਪ੍ਰਭਾਵ ਹੈ। ਪਿਸ਼ਾਵਰ ਦੇ ਲੋਕ ਸ਼ਾਇਦ ਇਸੇ ਕਰਕੇ ਹੀ ਉਹਨੂੰ ਸਭ ਤੋਂ ਵਧ ਪਿਆਰ ਕਰਦੇ ਨੇ।

ਪਿਸ਼ਾਵਰ ਦੇ ਲੋਕ ਆਮ ਤੌਰ ਤੇ ਕਬੀਲਿਆਂ ਦੇ ਉਹ ਕਬਾਇਲੀ ਨੇ ਜੋ ਕਿ ਪਹਿਲੀਆਂ ਸਦੀਆਂ ਵਿਚ ਬੰਧੀ ਸਨ, ਤੇ ਫੇਰ ਰਾਜਾ ਅਨੰਗਪਾਲ ਦੀ ਹਾਰ ਮਗਰੋਂ, ਹੌਲੀ-ਮੁਸਲਮਾਨੀ ਪ੍ਰਭਾਵ ਨਾਲ ਇਸਲਾਮ ਦੀ ਸੁਖਾਵੀਂ ਗੋਦ ਵਿਚ ਚਲੇ ਗਏ। ਪਰ ਉਨ੍ਹਾਂ ਨੇ ਇਸਲਾਮ ਨੂੰ ਕਿਸੇ ਕਿਸਮ ਦੀ ਕਟੜਤਾ ਦੇ ਭਾਵ ਨਾਲ ਨਹੀਂ ਲਿਆ, ਅਤੇ ਨਾ ਹੀ ਉਹ ਗੈਰ-ਮੁਸਲਮਾਨ ਲੋਕਾਂ ਨੂੰ ਇਹ ਗੱਲ ਦਾ ਅਹਿਸਾਸ ਹੀ ਹੋਣ ਦਿੰਦੇ ਨੇ। ਪਿਸ਼ਾਵਰ ਦੀ ਵਾਦੀ ਦੇ ਲੋਕ ਬੜੀ ਸਹਿਜ ਪ੍ਰਕਿਰਤੀ ਦੇ ਬੰਦੇ ਨੇ। ਜ਼ਿੰਦਗੀ ਅਤੇ ਜ਼ਮਾਨੇ ਨੂੰ ਵੀ ਉਹ ਇਸੇ ਤਰ੍ਹਾਂ ਸਹਿਜਤਾ ਨਾਲ ਹੀ ਮਹਿਸੂਸ ਕਰਦੇ ਨੇ।

ਪਿਸ਼ਾਵਰ ਵਿਚ ਅਸੀਂ ਖੁਸ਼ਹਾਲ ਖਾਂ ਵਰਗੇ ਕਵੀਆਂ ਅਤੇ ਸੂਰਬੀਰਾਂ ਜਰਨੈਲਾਂ ਨੂੰ ਚੇਤੇ ਕੀਤੇ ਬਗੈਰ ਨਹੀਂ ਰਹਿ ਸਕਦੇ। ਔਰੰਗਜ਼ੇਬ ਦੇ ਵੇਲਿਆਂ ਵਿਚ ਖੁਸ਼ਹਾਲ ਖਾਂ ਨੇ ਖੁਦ ਹੀ ਕਵਿਤਾਵਾਂ ਲਿਖ ਕੇ ਪਠਾਨਾਂ ਨੂੰ ਮੁਗਲਾਂ ਵਿਰੁਧ ਤਲਵਾਰ ਚੁਕਣ ਲਈ ਲਲਕਾਰਿਆ, ਅਤੇ ਉਨ੍ਹਾਂ ਦੇ ਮਨ ਵਿਚ ਸੁਤੰਤਰ ਰਹਿ ਕੇ ਜੀਉਂਣ ਦੀ ਭਾਵਨਾ ਦਾ ਸਦੀਵੀ ਭਾਵ ਭਰ ਦਿਤਾ। ਖੱਟਕਾਂ ਦੀ ਅਗਵਾਈ ਕਰਕੇ ਉਸਨੇ ਬਹੁਤ ਜਿੱਤਾਂ ਵੀ ਪ੍ਰਾਪਤ ਕੀਤੀਆਂ ਪਰ ਯੂਸਫ ਜ਼ਈਆਂ ਦੀ ਸਾਜ਼ਿਸ਼ ਕਰਕੇ ਉਸ ਨੂੰ ਮੁਕੱਮਲ ਕਾਮਯਾਬੀ ਨਾ ਮਿਲ ਸਕੀ। ਯੂਸਫਜ਼ਈਆਂ ਦੀ ਗੱਦਾਰੀ ਨੂੰ ਵੀ ਉਹਨੇ ਸ਼ਬਦਾਂ ਦੇ ਘੇਰੇ ਬੰਦ ਕਰ ਦਿਤਾ। ਉਸ ਦੀ ਅਣਖੀਲੀ ਰੂਹ ਅਜ ਵੀ ਇਸ ਵਾਦੀ ਵਿਚ ਗੇੜੇ ਲਾਉਂਦੀ ਹੈ।

ਪਿਸ਼ਾਵਰ ਦੀ ਸੰਸਕ੍ਰਿਤੀ ਉਤੇ ਬੋਧੀਆਂ ਤੋਂ ਲੈ ਕੇ ਇਸਾਈਆਂ ਤਕ, ਵਿਸ਼ਵ ਭਰ ਦੇ ਕੁਲ ਲੋਕਾਂ ਦਾ ਪ੍ਰਭਾਵ ਹੈ। ਜਿਸ ਕਰਕੇ ਵਗਦੇ ਪਾਣੀਆਂ ਵਿਚ ਵੱਡ ਛੋਟੇ ਪੱਥਰ ਇਕ ਦੂਸਰੇ ਨਾਲ ਖਹਿਸਰਦੇ ਹੋਏ ਗੋਲ ਅਤੇ ਸੁਖਮ ਹੋ ਜਾਂਦੇ ਨੇ, ਉਸੇ ਤਰ੍ਹਾਂ ਹੀ ਅਨੇਕ ਸੰਸਕ੍ਰਿਤੀਆਂ ਦੀਆਂ ਛੱਲਾਂ ਨਾਲ ਇਥੋਂ ਦੇ ਲੋਕ ਵੀ ਸੁਖਮ ਬਣ ਗਏ ਨੇ। ਪਰ, ਕਈ ਲੇਖਕਾਂ ਨੇ, ਖਾਸ ਕਰਕੇ ਅੰਗ੍ਰੇਜ਼ਾਂ ਨੇ, ਪਿਸ਼ਾਵਰ ਦੇ ਲੋਕਾਂ ਬਾਰੇ ਇਸ ਤਰ੍ਹਾਂ ਵੀ ਲਿਖਿਆ ਹੈ ਕਿ ਉਹ ਬੜੇ ਅੱਖੜਖਾਂਦੇ ਤੇ ਸੀਨਾਜ਼ੋਰ ਹਨ...ਅਤੇ ਉਥੋਂ ਦੇ ਹਿੰਦੂ ਸੁੱਚ-ਭਿੱਟ ਦਾ ਕੋਈ ਖਿਆਲ ਨਹੀਂ ਕਰਦੇ।

ਕੀ ਜ਼ਿੰਦਗੀ ਕਦੀ ਸੁੱਚ-ਭਿੱਟ ਵਿਚ ਵੀ ਕੈਦ ਹੋਈ ਹੈ?

ਪਿਸ਼ਾਵਰ ਦੀ ਰੌਣਕ ਨੂੰ ਹਿੰਦੁਸਤਾਨ ਵਲ ਆਉਂਣ ਵਾਲੇ ਹਰੇਕ ਧਾੜਵੀ ਨੇ ਤਬਾਹ ਕੀਤਾ, ਪਰ ਉਹ ਰੌਣਕ ਅਜ ਤਕ ਵੀ ਉਸੇ ਤਰ੍ਹਾਂ ਹੀ ਕਾਇਮ ਹੈ। ਜਦੋਂ ਕਿ ਧਾੜਵੀ ਕੋਈ ਵੀ ਜੀਉਂਦਾ ਨਹੀਂ।

ਕਿੱਸਾ ਖਾਨੀ ਬਾਜ਼ਾਰ ਦੀ ਰੌਣਕ ਨੂੰ ਜਿਸ ਤਰ੍ਹਾਂ ਗਿਆਨੀ ਗੁਰਮੁਖ ਸਿੰਘ ਮੁਸਾਫਰ ਨੇ ਸ਼ਬਦਾਂ ਦੇ ਰੂਪ ਵਿਚ ਸਾਕਾਰ ਕੀਤਾ ਹੈ। ਉਹ ਇਕ ਲਾ-ਮਿਸਾਲ ਜਲਵਾ ਹੈ। ਗਿਆਨੀ ਗੁਰਮੁਖ ਸਿੰਘ ਮੁਸਾਫਰ ਦੇ ਕੱਦਬੁੱਤ ਅਤੇ ਆਵਾਜ਼ ਤੋਂ ਵੀ ਪਿਸ਼ਾਵਰ ਦੇ ਜਲਵੇ ਦਾ ਪ੍ਰਭਾਵ ਵੇਖਿਆ ਜਾ ਸਕਦਾ ਸੀ।

ਪਿਸ਼ਾਵਰ ਦੀ ਵਾਦੀ ਜਿਸ ਤਰ੍ਹਾਂ ਹਰ ਪਾਸਿਉਂ ਪਰਬਤਾਂ ਨਾਲ ਘਿਰੀ ਹੋਈ ਹੈ, ਉਸੇ ਤਰ੍ਹਾਂ ਹੀ ਉਥੋਂ ਦੇ ਲੋਕ ਵਿਸ਼ਵ ਦੀ ਤਰੱਕੀ ਨਾਲੋਂ ਟੁੱਟੇ ਰਹੇ ਨੇ, ਜਿਸ ਕਰਕੇ ਉਨ੍ਹਾਂ ਦੀ ਦਲੇਰੀ ਅਤੇ ਕਾਮਯਾਬੀ ਨੂੰ ਵਿਸ਼ਵ ਭਰ ਵਿਚ ਰੌਸ਼ਨ ਹੋਣ ਦਾ ਮੌਕਾ ਨਹੀਂ ਮਿਲਿਆ।

ਬੜੇ ਲੋਕਾਂ ਨੇ ਪਿਸ਼ਾਵਰ ਅਤੇ ਇਸ ਦੇ ਦੁਆਲੇ ਦੇ ਲੋਕਾਂ ਨੂੰ ਅਧੀਨ ਕਰਨ ਦਾ ਜਤਨ ਕੀਤਾ, ਪਰ ਉਹ ਜਤਨ ਕੇਵਲ ਨਿਸਫਲ ਜਤਨ ਹੀ ਰਹੇ।

ਪੰਜਾਬੀਆਂ ਦੇ ਮਹਾਨ ਮਹਾਰਾਜੇ ਰਣਜੀਤ ਸਿੰਘ ਨੂੰ ਪਿਸ਼ਾਵਰ ਦੀ ਵਾਦੀ ਤੇ ਕਬਜ਼ਾ ਕਾਇਮ ਰਖਣ ਲਈ ਕਿੰਨੇ ਕੁ ਸੂਰਮੇ ਪੰਜਾਬੀਆਂ ਦੀ ਬਲੀ ਦੇਣੀ ਪਈ, ਇਹ ਕੋਈ ਲੁਕੀ ਛਿਪੀ ਗੱਲ ਨਹੀਂ ਹੈ।

ਦੱਰਾ ਖੈਬਰ ਦੇ ਮੂੰਹ ਨੇੜੇ ਬਣਿਆ ਹੋਇਆ ਜਮਰੌਦ ਦਾ ਕਿਲ੍ਹਾ ਹੀ ਉਹ ਸਥਾਨ ਹੈ ਜਿਥੇ ਹਰੀ ਸਿੰਘ ਨਲਵੇ ਨੇ ਪਿਸ਼ਾਵਰ ਦੀ ਖਾਤਿਰ ਆਪਣੀ ਕੁਰਬਾਨੀ ਦਿਤੀ, ਪਰ ਉਸ ਦੀ ਕੁਰਬਾਨੀ ਮਗਰੋਂ ਹੀ, ਜਮਰੌਦ ਫੇਰ ਅਫਗਾਨਾਂ ਕੋਲ ਚਲਾ ਗਿਆ।

ਪਿਤਾ ਜੀ ਮੈਨੂੰ ਦਸਿਆ ਕਰਦੇ ਸਨ ਕਿ ਬਾੜਾ ਦਰਿਆ ਦੇ ਪਾਣੀ ਵਿਚ ਹੀ ਉਹੋ ਹੀ ਜੋਸ਼ ਅਤੇ ਜਵਾਨੀ ਹੈ ਜੋ ਕਿ ਸਰਹਦੀ ਸੂਬੇ ਦੇ ਗਭਰੂ ਲੋਕਾਂ ਵਿਚ ਹੈ।

Sri Satguru Jagjit Singh Ji Elibrary NamdhariElibrary@gmail.com

ਪਿਸ਼ਾਵਰ ਦੇ ਲੋਕਾਂ ਅਤੇ ਉਨ੍ਹਾਂ ਦੇ ਸੁਭਾ ਬਾਰੇ ਗੱਲਾਂ ਕਰਦਿਆਂ ਹੋਇਆਂ ਉਨ੍ਹਾਂ ਦੇ ਚਿਹਰੇ ਤੇ ਜ਼ਿਹੜਾ ਨੂਰਾਨੀ ਜਲਵਾ ਭਰ ਜਾਂਦਾ ਸੀ, ਉਸ ਬਾਰੇ ਸੋਚ ਕੇ ਅਜ ਮੈਨੂੰ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਲੋਕਾਂ ਦੇ ਦਿਲ ਸਚਮੁਚ ਹੀ ਪਿਸ਼ਾਵਰ ਦੀ ਦਿਲਕਸ਼ ਵਾਦੀ ਵਾਂਗ ਹੀ ਖੁਸ਼ਗਵਾਰ ਅਤੇ ਮੋਹ ਭਰੇ ਨੇ। ਪਰ ਉਨ੍ਹਾਂ ਦੀ ਧਰਤੀ ਨੂੰ ਪਤਾ ਨਹੀਂ ਕਦੋਂ ਸੁਤੰਤਰਤਾ ਪ੍ਰਾਪਤ ਹੋਵੇ।

ਅਗਸਤ ੧੯੪੭ ਤੋਂ ਪਹਿਲਾਂ ਪਿਤਾ ਜੀ ਪਿਸ਼ਾਵਰ ਦੇ ਖੇਤਰ ਵਿਚ ਹੀ ਸਨ, ਤੇ ਉਹ ਵੀ ਬਿਲਕੁਲ ਇੱਕਲੇ। ਪਰ ਜਿਹੜੇ ਪਠਾਨ ਮੁੰਡੇ ਉਨ੍ਹਾਂ ਕੋਲ ਕੰਮ ਕਰਦੇ ਸਨ, ਉਹ ਉਨ੍ਹਾਂ ਨੂੰ ਸਾਡੇ ਘਰ, ਜਾਲੰਧਰ ਤਕ ਖਹੁੰਚਾ ਗਏ ਸਨ, ਅਤੇ ਉਹ ਕਿਸੇ ਤੋਂ ਵੀ ਨਹੀਂ ਸਨ ਡਰੇ।

'ਲਉ ਮਿਸਤਰੀ ਜੀ, ਹੁਣ ਤੁਸੀਂ ਅੱਲਾ ਪਾਕ ਦੇ ਹਵਾਲੇ। ਉਨ੍ਹਾਂ ਨੇ ਕਿਹਾ ਤੇ ਮੇਰੇ ਪਿਤਾ ਦੀ ਹਿੱਕ ਨਾਲ ਲਗ ਗਏ।

'ਤੁਸੀ ਮੇਰੇ ਪੁਤਰਾਂ ਵਾਂਗ ਇਥੇ ਹੀ ਰਹੋ।'

'ਨਹੀਂ ਸਾਨੂੰ ਬਾਤੇ ਦਰਿਆ ਦਾ ਪਾਣੀ ਵਾਜਾਂ ਮਾਰਦੈ।'

ਉਹ ਚਲੇ ਗਏ, ਨਿਧੜਕ।

ਪਿਤਾ ਜੀ ਨੇ ਅਥਰੂ ਭਿਜੀਆਂ ਅਖਾਂ ਨਾਲ ਕੇਵਲ ਏਨਾ ਹੀ ਕਿਹਾ—'ਚੰਗਾ, ਤੁਹਾਨੂੰ ਰਬ ਦੀਆਂ ਰੱਖਾਂ। ਜਾਕੇ ਖਤ ਚਰੂਰ ਲਿਖਿਉ।'

ਪਿਤਾ ਜੀ ਅੰਤਲੇ ਸਾਹਵਾਂ ਤਕ ਉਨ੍ਹਾਂ ਦਾ ਖਤ ਉਡੀਕਦੇ ਰਹੇ।

'ਪਹੁੰਚ ਹੀ ਗਏ ਹੋਣਗੇ।' ਉਹ ਵਾਰ-ਵਾਰ ਕਹਿੰਦੇ, ਤੇ ਕਦੀ-ਤਦੀ ਉਨ੍ਹਾਂ ਵਰਗੇ ਚਿਹਰਿਆਂ ਨੂੰ ਵੇਖਕੇ ਘੂਰਦੇ, ਜਿਵੇਂ ਉਹ ਪਠਾਨ ਮੁੰਡੇ ਕਿਤੇ ਉਨ੍ਹਾਂ ਦੇ ਨੇੜੇ ਹੀ ਹੋਣ।

'ਮੇਰੇ ਦੋਸਤ ਖਾਨ ਸਾਹਿਬ ਫਰਮਾਨ ਅਲੀ ਦੇ ਲਾਡਲੇ ਪੁਤਰ ਸਨ।' ਉਹ ਲੋਰ 'ਚ ਬੋਲਦੇ—'ਪੁਤਰ ਹੋਣ ਤਾਂ ਉਨ੍ਹਾਂ ਵਰਗੇ।'

ਮੈਂ ਪੁਛਦਾ—ਖਾਨ ਸਾਹਿਬ ਫਰਮਾਨ ਅਲੀ ਦੇ ਸਕੇ ਪੁਤਰ ਸਨ ?

'ਨਹੀਂ ਸਾਰੇ ਹੀ ਵਰਕਰ ਫਰਮਾਨ ਅਲੀ ਲਈ ਸਕੇ ਪੁਤਰਾਂ ਵਾਂਗ ਹੀ ਸਨ।' ਪਿਤਾ ਜੀ ਕਹਿੰਦੇ।

ਤਿਰਾਹ ਦੀਆਂ ਪਹਾੜੀਆਂ ਵਿਚ ਜਦੋਂ ਜ਼ੋਰਾਂ ਦੀ ਵਰਖਾ ਹੁੰਦੀ ਹੈ ਤਾਂ ਬਾੜਾ ਦਰਿਆ ਆਪਣੇ ਨਾਲ ਲਾਲ ਰੰਗ ਦੀ ਗਾਰ ਲੈ ਕੇ ਆ ਜਾਂਦਾ ਹੈ, ਜੋ ਕਿ ਪਿਸ਼ਾਵਰ ਦੇ ਖੇਤਰ ਵਿਚ ਸਰਸਬਜ਼ ਖੇਤੀ ਦੀ ਜ਼ਮਾਨਤ ਬਣਦੀ ਹੈ। ਮੈਨੂੰ ਬੜੇ ਚਿਰਾਂ ਮਗਰੋਂ ਇਸ ਰਹਿਸ ਦਾ ਪਤਾ ਲਗਾ ਸੀ ਕਿ ਪਿਸ਼ਾਵਰ ਦੀ ਧਰਤੀ ਏਨੀ ਸਰ-ਸਬਜ਼ ਕਿਉਂ ਹੈ।

ਇਲਮ-ਗੁਦਰ ਦੇ ਪਿੰਡ ਕੋਲ ਦਰਿਆ ਵਿਚੋਂ ਜਿਹੜੀਆਂ ਦੋ ਨਹਿਰਾਂ ਕਢੀਆਂ ਗਈਆਂ ਸਨ, ਉਨ੍ਹਾਂ ਦੇ ਨਾਂ ਇਲਾਕੇ ਦੇ ਦੋ ਵੱਡੇ ਕਬੀਲਿਆਂ ਦੇ ਨਾਂ ਨਾਲ ਖਲੀਲ ਜਾਂ ਸੰਗੂ, ਅਤੇ ਮੋਹਮੰਦ ਜਾਂ ਸੇਖਾਂ—ਰਖੇ ਗਏ ਸਨ। ਇਨ੍ਹਾਂ ਨਹਿਰਾਂ ਦੀ ਬਣਤਰ ਇਸ ਤਰ੍ਹਾਂ ਦੀ ਹੈ ਕਿ ਇਹ ਦਰਿਆ ਦੇ ਰਵਾਇਤੀ ਵਹਿਣ ਦੇ ਰਹਿਣ 'ਚ ਰੁਕਾਵਟ ਨਹੀਂ ਬਣਦੀਆਂ। ਦੱਵੇਂ ਹੀ ਸੁਰੰਗਾਂ ਵਿਚੀਂ ਵਗਦੀਆਂ ਨੇ, ਅਤੇ ਦਰਿਆ ਨੂੰ ਆਪਣੀ ਹੋਂਦ ਦਾ ਪਤਾ ਨਹੀਂ ਲਗਣ ਦਿੰਦੀਆਂ। ਪਤਾ ਕੇਵਲ ਉਦੋਂ ਹੀ ਲਗਦਾ ਹੈ ਜਦੋਂ ਕਿ ਪਿਸ਼ਾਵਰ ਦੀ ਵਾਦੀ ਵਿਚਲੀਆਂ ਭਰਪੂਰ ਫਸਲਾਂ ਨੂੰ ਵੇਖ ਕੇ ਲੋਕਾਂ ਦੇ ਚਿਹਰਿਆਂ ਤੇ ਰੌਣਕ ਆਉਂਦੀ ਹੈ, ਅਤੇ ਔਰਤਾਂ ਦੇ ਚਿਹਰੇ ਹਾਸਿਆਂ ਨਾਲ ਸੁਹੇ ਹੋ ਜਾਂਦੇ ਨੇ।

'ਇਨ੍ਹਾਂ ਹਾਸਿਆਂ ਤੋਂ ਸੱਤੇ ਬਹਿਸ਼ਤਾਂ ਕੁਰਬਾਨ।' ਪਿਸ਼ਾਵਰੀ ਲੋਕ ਲੋਰ 'ਚ ਆਕੇ ਕਹਿੰਦੇ ਨੇ।

ਬਾੜਾ ਦਰਿਆਂ ਚੇਤੇ ਆਉਂਦਾ ਹੈ ਤਾਂ ਅਜ ਵੀ ਮੇਰੇ ਸਾਹਮਣੇ ਪਿਤਾ ਜੀ ਦੇ ਦੋਸਤ ਖਾਨ ਸਾਹਿਬ ਫਰਮਾਨ ਅਲੀ ਦੇ ਵਰਕਰ ਪੁਤਰਾਂ ਦੇ ਸੂਰਮੇ ਚਿਹਰੇ ਘੁੰਮ ਜਾਂਦੇ ਨੇ ਜਿਨ੍ਹਾਂ ਨੂੰ ਸੰਨ ੧੯੪੭ ਦੀ ਫਿਰਕੂ ਹਲਚਲ ਨੇ ਜ਼ਰਾ ਵੀ ਪ੍ਰਭਾਵਿਤ ਨਹੀਂ ਸੀ ਕੀਤਾ। ਅਜ ਸਾਡੇ ਦੇਸ਼ ਨੂੰ ਅਜਿਹੇ ਸੂਰਮੇ ਪੁਤਰਾਂ ਦੀ ਹੀ ਲੋੜ ਹੈ।

ਪਿਤਾ ਜੀ ਦਸਿਆ ਕਰਦੇ ਸਨ ਕਿ, ਬਾੜਾ ਦਰਿਆ ਦੇ ਨੇੜੇ ਹੀ ਕਿਤੇ ਫਰਮਾਨ ਅਲੀ ਦਾ ਪਿੰਡ ਸੀ। ਕੀ ਕਦੀ ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਮੈਂ ਉਸ ਧਰਤੀ ਤੇ ਪੁਜਕੇ, ਪਿਤਾ ਜੀ ਦੀ ਸਲਾਮਤੀ ਖਾਤਿਰ ਉਨ੍ਹਾਂ ਲੋਕਾਂ ਦਾ ਸ਼ੁਕਰਗੁਜ਼ਾਰ ਹੋ ਸ਼ਕਾਂ ?

ਫੇਰ ਸੋਚਦਾ ਹਾਂ, ਕੀ ਉਨ੍ਹਾਂ ਲੋਕਾਂ ਨੂੰ ਮੇਰੀ ਸ਼ੁਕਰਗੁਜ਼ਾਰੀ ਦੀ ਕੋਈ ਲੋੜ ਵੀ ਹੈ ?...

੯੬ ਗੁਰਜੀਤ ਨਗਰ
ਗੜ੍ਹਾ ਰੋਡ, ਜਾਲੰਧਰ-੧੪੪੦੦੨

Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

FREE INDIA GUN MANUFACTURERS

(Industrial Estate, Extention Area, Jammu Cantt.)

Phone No. 43260



(SINGLE BARREL OR DOUBLE BARREL) 12 Bore Guns

Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE

Sri Satguru Jagjit Singh Ji Elibrary NamdhariElibrary@gmail.com

ਨੌਰਾ ਰਿਚਰਡ ਦੇ ਨਾਂ

ਮੇਰੇ ਵਰਿਆਮ ਸੰਪਾਦਕ ਜੀਓ

ਕਿਸ ਤਰ੍ਹਾਂ ਮਨਾਵਾਂ, ਅੱਜ ਦਿਲ ਬੜਾ ਭਰਿਆ ਹੋਇਆ ਏ। ਜੀ ਕਰਦੈ ਏਨਾ ਰੋਵਾਂ, ਏਨਾ ਰੋਵਾਂ ਕਿ ਮੇਰੀ ਆਵਾਜ਼ ਨੌਰਾ ਰਿਚਰਡ ਤਕ ਪੁੱਜ ਜਾਵੇ। ਕਾਸ਼...

ਉਸ ਆਸ਼ਕ ਮਿਜ਼ਾਜ਼ ਔਰਤ ਦੇ ਦਰ ਤੇ ਜਦੋਂ ਮੈਂ ਪੁੱਜਾ ਤਾਂ ਮੇਰੇ ਦਿਲ ਦਾ ਗੁਲਿਸਤਾਂ ਇਕ ਕਬਰਸਤਾਨ ਦਾ ਰੂਪ ਧਾਰ ਗਿਆ। ਉਸਦੀ ਬਗੀਚੀ, ਕਮਰੇ ਤੇ ਹੋਰ ਸਮੱਗਚੀ.....ਸੁਣੀਦੈ ਤੁਹਾਡੀ ਬੜੀ ਪਹੁੰਚ ਹੈ, ਮੇਰੀ ਇਹ ਚਿੱਠੀ ਉਸ ਨੂੰ ਪੁਚਾ ਦੇਣੀ।

—ਕਿਹਰ ਸਿੰਘ ਹਮਰਾਹੀ
ਅੰਦਰੇਟਾ (ਕਾਂਗੜਾ)
੩੦.੫.੮੨

ਮੈਨੂੰ ਉਹ ਸ਼ਬਦ ਨਹੀਂ ਲਭ ਰਹੇ ਆਦਰਯੋਗ ਮਿਸ ਨੌਰਾ, ਜਿਨ੍ਹਾਂ ਨਾਲ ਆਪ ਨੂੰ ਸੰਬੋਧਨ ਕਰਾਂ,

ਮੈਂ ਲਉਢੇ ਪਹਿਰ ੪ ਵਜੇ ਤੋਂ ਆਪ ਜੀ ਦੇ ਉਡੀਕ ਕਮਰੇ ਵਿਚ ਬੈਠਾ ਆਪ ਜੀ ਅਤੇ ਆਪ ਜੀ ਦੇ ਸੇਵਕ ਦੀ ਉਡੀਕ ਕਰਦਾ ਰਿਹਾ ਪਰ ਮੇਰੀ ਇਸ ਇਕੱਲਤਾ ਨੂੰ, ਤੁਹਾਡੇ ਚੋਂ ਕਿਸੇ ਨਾ ਤੋੜਿਆ।

ਤੁਹਾਡੇ ਗੇਟ ਦੇ ਬਾਹਰ ਜਿਹੜਾ ਥਰੈਸ਼ਰ ਕਣਕ ਕੱਢ ਰਿਹਾ ਹੈ, ਸਿਰਫ ਉਸੇ ਦੀ ਆਵਾਜ਼ ਬੇਆਰਾਮ ਕਰ ਰਹੀ ਹੈ। ਮੇਰਾ ਅੰਦਾਜ਼ਾ ਹੈ ਜੇ ਤੁਸੀਂ ਕਿਤੇ ਨੇੜੇ-ਤੇੜੇ ਹੁੰਦੇ ਤਾਂ ਉਹ ਥਰੈਸ਼ਰ ਤਾਂ ਤੁਸੀਂ ਚਲਣ ਹੀ ਨਾ ਦਿੰਦੇ।

ਜਿਸ ਬੂਟੇ ਥੱਲੇ ਅਜ਼ੇ ਮੈਂ ਹੁਣ ਬੈਠਾ ਹਾਂ, ਇਸ ਦਾ ਨਾਮ ਕਿਸ ਨੂੰ ਪੁੱਛਾਂ ? ਪੰਛੀ ਤਾਂ ਮੇਰੇ ਨਾਲ ਬੋਲਦੇ ਹੀ ਨਹੀਂ।

ਤੁਸੀਂ ਸੋਚੋ ਮੈਨੂੰ ੩੦ ਮਿੰਟ ਹੋ ਗਏ ਸਨ ਉਡੀਕ ਕਮਰੇ ਵਿਚ ਬੈਠਿਆਂ, ਕਿਸੇ ਪਾਣੀ ਨਹੀਂ ਪੁਛਿਆ। ਪੁਛਦਾ ਵੀ ਕੌਣ, ਏਥੇ ਕੋਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਥੋੜੇ ਬੈਠੇ ਸਨ, ਜਿਨ੍ਹਾਂ ਨੇ ਤੁਹਾਨੂੰ ਕਿਸੇ ਡਿਗਰੀ ਦਾ ਲਾਲਚ ਦੇ ਕੇ ਤੁਹਾਡੇ ਕੋਲੋਂ ਇਸ ਦੀ ਕੋਮੀ ਮਲਕੀਅਤ ਵਜੋਂ ਵਸੀਅਤ ਯੂਨੀਵਰਸਿਟੀ ਦੇ ਨਾਂ ਕਰਾ ਲਈ ਏ।

ਤੁਹਾਡੇ ਚਾਵਾਂ-ਮਲ੍ਹਾਰਾਂ ਨਾਲ ਪਾਲੇ ਦਰਖ਼ਤ ਹੁਣ ਅਪਣਾ ਗਿਲਾ ਕਿਸ ਨਾਲ ਕਦਦੇ, ਉਹ ਤਾਂ ਤੁਹਾਡੇ ਵਫਾਦਾਰ ਹਨ ਜੋ ਹਰ ਆਏ ਗਏ ਨੂੰ ਅਪਣੀ ਸੀਤਲ ਛਾਂ ਨਾਲ ਲਾਉਂਦੇ ਪਰ ਅਪਣਾ ਰੋਣਾ ਨਹੀਂ ਕਿਸੇ ਅਗੇ ਰੋਂਦੇ।

ਤੁਹਾਡਾ ਰੋਟੀ ਖਾਣ ਵਾਲਾ ਕਮਰਾ, ਮੇਜ਼, ਕੁਰਸੀਆਂ, ਸੋਫ਼ਾ ਸੈੱਟ ਆਪੇ ਵਿਚ ਹੀ ਉਲਝੇ ਪਏ ਹਨ ; ਰਸੋਈ ਨਾਲ ਪਾਣੀ ਵਾਲੀ ਟੈਂਕੀ ਤਾਂ ਹੈ ਪਰ ਉਸ ਵਿਚ ਪਾਣੀ ਨਹੀਂ। ਬਾਰ ਤਾਂ ਨਹੀਂ ਸਨ ਖੁਲ੍ਹੇ, ਸ਼ੀਸ਼ੇ ਦੀਆਂ ਬਾਰੀਆਂ ਥਾਣੀ ਉਸ ਸੁੰਦਰਤਾ ਦਾ ਨਜ਼ਾਰਾ ਤਕਿਆ ਜੋ ਤੁਸਾਂ ਰਚੀ ਸੀ। ਪਰ ਇਹ ਤਾਂ ਸਾਰੀ ਕਿਸੇ ਆਸ਼ਕ ਮਿਜ਼ਾਜ਼ ਮਨ

Sri Satguru Jagjit Singh Ji Elibrary NamdhariElibrary@gmail.com

ਦੀ ਢਠਵਾੜ ਸੀ। ਇਹ ਸੜਾਂਧ ਤਾਂ ਨਹੀਂ ਸੀ ਛਡ ਰਹੀ ਪਰ ਬੀਤੇ ਦੀ ਯਾਦ ਜ਼ਰੂਰ ਤਾਜ਼ਾ ਕਰਵਾ ਰਹੀ ਸੀ।

ਪਿਆਸ ਮੈਨੂੰ ਘੜੀ ਮੁੜੀ ਚੁਫੇਰੇ ਤਕਣ ਲਈ ਮਜਬੂਰ ਕਰਦੀ। ਜੇ ਮੈਂ ਸ: ਸੋਭਾ ਸਿੰਘ ਹੋਰਾਂ ਤੋਂ ਕੁਝ ਠੰਢਾ ਨਾ ਪੀ ਕੇ ਆਇਆ ਹੁੰਦਾ ਤਾਂ ਮੇਰਾ ਬੁਰਾ ਹਾਲ ਹੋਣਾ ਸੀ। ਉਹਨਾਂ ਨੇ ਕਿਹਾ, ਹਮਰਾਹੀ ਜੀ, ਪਾਣੀ ਪੀ ਕੇ ਓਥੇ ਜਾਇਆ ਜੇ। ਪਹਿਲਾਂ ਮੈਂ ਉਹਨਾਂ ਦੀ ਇਸ ਤਨਜ਼ ਨੂੰ ਖ਼ਾਸ ਅਹਿਮੀਅਤ ਨਹੀਂ ਸੀ ਦਿਤੀ, ਪਰ ਹੁਣ ਮੈਂ.....

ਉਹਨਾਂ ਨੇ ਮੈਨੂੰ ਤੁਹਾਡੇ ਘਰ ਤਕ ਆਪ ਨਾਲ ਚਲਣ ਦੀ ਪੇਸ਼ਕਸ਼ ਕੀਤੀ, ਪਰ ਮੈਂ ਇਨਕਾਰ ਕਰ ਦਿਤਾ। ਕਿਉਂਕਿ ਉਹ ਅਜੇ ੨੮..੮੨ ਨੂੰ ਹੀ ਬੁਖਾਰ ਨੂੰ ਅਲਵਿਦਾ ਕਰ ਹਟੇ ਸਨ। ਡਾਕਟਰ ਨੇ ਉਹਨਾਂ ਨੂੰ ਆਰਾਮ ਕਰਨ ਲਈ ਕਿਹਾ ਸੀ ਪਰ ਪਿਆਰ ਬੇਨਿਯਮਾ ਹੈ। ਉਹਨਾਂ ਡਾਕਟਰ ਦੀਆਂ ਸਭ ਹਦਾਇਤਾਂ ਭੁਲਾ ਕੇ ਮੈਨੂੰ ਪਿਆਰ ਅਤੇ ਸਤਿਕਾਰ ਦਿਤਾ।

ਮੈਂ ਕੁਦਰਤ ਦੀ ਹੁਸੀਨ ਵਾਦੀ ਵਿਚ ਬੈਠਾ ਅਪਣੇ ਆਪ ਨੂੰ ਇੱਕਲਾ ਹੀ ਮਹਿਸੂਸ ਕਰ ਰਿਹਾ ਹਾਂ।

ਤੁਹਾਡੀ ਯਾਦ ਵਿਚ ਬਣੀ ਲਾਇਬਰੇਰੀ ਦੇਖੀ ਜਿਸਦਾ ਉਦਘਾਟਨ ਸ੍ਰੀ ਪ੍ਰਾਰਥੀ ਜੀ ਨੇ ੧੯੭੨ ਵਿਚ ਕੀਤਾ, ਲਿਖਿਆ ਹੋਇਆ ਹੈ। ਪਰ ਲਾਇਬਰੇਰੀ ਵਿਚ ਕਿਤਾਬ ਇਕ ਵੀ ਨਹੀਂ ਪਈ। ਕਦੇ ਓਥੇ ਬਹੁਕਰ ਨਹੀਂ ਫਿਰੀ। ਇੰਜ ਲਗਦੈ ਜਿਵੇਂ ਤੁਹਾਡੇ ਪਿਛੋਂ ਏਥੇ ਕੋਈ ਫੁਲ ਵੀ ਨਹੀਂ ਮੁਸਕਰਾਇਆ।

ਏਥੋਂ ਥੋੜੀ ਦੂਰੀ ਤੇ ਤੁਹਾਡੇ ਆਰਟ-ਸਟੂਡੀਓ ਵਿਚ ਵੀ ਗਿਆ, ਜਿਥੇ ਤੁਹਾਡੀ ਜ਼ਿੰਦਗੀ ਦੀਆਂ ਤਮੰਨਾਵਾਂ ਪਰਵਾਨ ਚੜ੍ਹਦੀਆਂ ਰਹੀਆਂ। ਆਰਟ ਸਟੂਡੀਓ ਦੀ ਹੇਠਲੀ ਬਿਲਡਿੰਗ ਦੇ ਤਾਂ ਸਾਰੇ ਦਰਵਾਜੇ ਹੀ ਟੁਟੇ ਹੋਏ ਨੇ। ਹੁਣੇ ਹੀ ਕੋਈ ਭੰਗੜ ਅੰਦਰ ਫੋਸ ਕਰਕੇ ਗਏ ਨੇ। ਇਸ ਮਕਾਨ ਦੀ ਛੱਤ ਜਗਾਹ ਜਗਾਹ ਤੋਂ ਗਲੀ ਹੋਈ ਹੈ। ਇਥੇ ਐਗਰੀਕਲਚਰ ਯੂਨੀਵਰਸਿਟੀ ਦੇ ਦੋ ਵਡੇ ਅਫਸਰਾਂ ਦੇ ਦਸਤਖਤ ਹਨ ਜੋ ਇਸ ਹਾਲਤ ਨੂੰ ਵੇਖ ਕੇ ਗਏ ਹਨ। ਪਰ ਸੁਧਾਰ ਸ਼ਾਇਦ ਉਹ ਵੀ ਨਾ ਕਰ ਸਕਣ।

ਸਟੂਡੀਓ ਦੇ ਸਾਹਮਣੇ ਜੋ ਤੁਸਾਂ ਸੀਮਿੰਟ ਦਾ ਸ਼ੈੱਡ ਬਣਵਾਇਆ ਸੀ, ਉਹ ਵੀ ਮੇਰੇ ਮਨ ਵਾਂਗ ਉਖੜਿਆ ਪਿਆ ਹੈ। ਪੌੜੀਆਂ ਟੁਟੀਆਂ ਹੋਈਆਂ ਤੇ ਉਪਰਲੇ ਤਿੰਨੇ ਕਮਰੇ ਵੀ ਮਾਯੂਸੀ ਦਾ ਸ਼ਿਕਾਰ ਹਨ।

ਕੁਲ ਮਿਲਾਕੇ ਤੁਹਾਡੇ ਇਸ ਸਾਰੇ ਬਗੀਚੇ ਦਾ ਉਹ ਹਾਲ ਹੈ ਜੋ ਤਖਤੋਂ ਲੱਥੇ ਕਿਸੇ ਜ਼ਫਰ ਵਰਗੇ ਦਿਲ ਜਲੇ ਬਾਦਸ਼ਾਹ ਦਾ ਹੁੰਦਾ ਹੈ ਜਿਸ ਨੇ ਪਤਾ ਨਹੀਂ ਕਿਸ ਮਨ ਨਾਲ ਇਹ ਲਿਖਿਆ ਸੀ :

ਲਗਤਾ ਨਹੀਂ ਹੈ ਦਿਲ ਮਿਰਾ
ਉਜੜੇ ਦਯਾਰ ਮੇਂ।

ਕਾਸ਼, ਇਹਨਾਂ ਦਰੱਖਤਾਂ, ਮਕਾਨਾਂ ਤੇ ਪ੍ਰੀਤ ਵਿਗੁੱਚੇ ਫੁੱਲਾਂ ਨੂੰ ਤੁਸੀਂ ਆਪਣੀ ਬੋਲੀ ਸਿਖਾ ਜਾਂਦੇ।

ਬੜੇ ਦਰਦ ਭਰੇ ਮਨ ਨਾਲ, ਤੁਹਾਡਾ
ਕਿਹਰ ਸਿੰਘ ਹਮਰਾਹੀ।

Sri Satguru Jagjit Singh Ji Elibrary NamdhariElibrary@gmail.com







Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

DEPARTMENT OF AGRICULTURE PUNJAB GOVT. QUALITY MARK

ਕੁਆਲਟੀ ਮਾਰਕਡ

ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

HABI INDUSTRIES (Regd.)

10, Industrial Area,
PHAGWARA—144401.

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

RAJPAL

The Leading Name in Construction Machinery



CONCRETE MIXER 10/7 CFT



CONCRETE MIXER 7/5

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory : 501973
Resi. : 505454

BALWANT SINGH & SONS

Office : 4E/11 JHANDEWALA EXTN.
NEW DELHI 110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji Elibrary NamdhariElibrary@gmail.com

ਗਿ: ਕੇਸਰ ਸਿੰਘ ਬਨਾਮ ਬੰਨੋਆਣਾ

KESAR SINGH
23487-98 A AVE
SURREY, B.C.
CANADA
V3T-1C7

ਬਹੁਤ ਪਿਆਰੇ ਵੀਰ ਗੁਰਬਖਸ਼ ਸਿੰਘ ਜੀਓ

ਤੁਹਾਡੀ ਯਾਦ ਹਰ ਰੋਜ਼ ਤਾਜਾ ਰਹਿੰਦੀ ਹੈ। ਜਦ ਵੀ ਦੇਸ ਆਉਂਦਾ ਹਾਂ ਤੁਸੀਂ ਬੜਾ ਪਿਆਰ ਦੇਂਦੇ ਹੋ। ਇਹ ਤੁਹਾਡੇ ਅੰਦਰਲੇ ਨਿਘ ਦੀ ਨਿਸ਼ਾਨੀ ਹੈ। ਇਸ ਪਿਆਰ ਲਈ ਧੰਨਵਾਦੀ ਹਾਂ।

ਇਹ ਚਿੱਠੀ ਇਕ ਖਾਸ ਕਾਰਨ ਲਈ ਲਿਖਣ ਬੈਠਾ ਹਾਂ। ਬਾਬਾ ਨਿਰੰਜਨ ਸਿੰਘ ਜੀ ਢਿਲੋਂ, ਪੰਡੋਰੀ ਲਧਾ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਬੜੇ ਵਡੇ ਗ਼ਦਰੀ ਹੋਏ ਹਨ। ਤੁਸੀਂ ਉਨ੍ਹਾਂ ਦੇ ਕੰਮ ਤੋਂ ਜਾਣੂੰ ਹੀ ਹੋ। ਉਨ੍ਹਾਂ ਦੇ ਜੀਵਨ ਦਾ ਇਕ ਅੰਗ ਲੋਕਾਂ ਦੇ ਸਾਹਮਣੇ ਬਹੁਤ ਘਟ ਆਇਆ ਹੈ। ਉਹ ਗਦਰ ਦੇ ਮੋਢੀਆਂ ਵਿਚੋਂ ਸਨ ਪਰ ਕਵਿਤਾ ਉਨ੍ਹਾਂ ਦੇ ਗਦਰ ਦੇ ਦੂਜੇ ਦੌਰ ਵਿਚ ਲਿਖੀ ਹੈ।

ਗਦਰੀ ਬਾਬੇ ਆਪਸ ਵਿਚ ਚਿਠੀਆਂ ਕਵਿਤਾ ਵਿਚ ਲਿਖਿਆ ਕਰਦੇ ਸਨ। ਇਹ ਕਵਿਤਾ ਅਜੇ ਤਕ ਲੋਕਾਂ ਪਾਸ ਨਹੀਂ ਪੁਜੀ। ਕੈਨੇਡਾ ਤੇ ਅਮਰੀਕਾ ਦੇ ਪਛਮੀ ਕੰਢੇ ਉਤੇ (੧੯੦੪-੧੯੧੯) ਰਹਿੰਦਿਆਂ ਗਦਰੀਆਂ ਨੇ ਬੜੀ ਕਵਿਤਾ ਲਿਖੀ ਹੈ। ਉਸ ਤੋਂ ਪਿਛੋਂ ਲਿਖੀ ਗਈ ਕਵਿਤਾ ਦੇ ਨਮੂਨੇ ਵੀ ਕਿਤੇ ਕਿਤੇ ਮਿਲਦੇ ਹਨ। ਪਿਛਲੇ ਅਠਾਰਾਂ ਸਾਲਾਂ ਵਿਚ ਇਹ ਕਵਿਤਾ ਇਕਠੀ ਕੀਤੀ ਹੈ। ਬਾਬਾ ਨਿਰੰਜਨ ਸਿੰਘ ਜੀ ਦੀ ਕਵਿਤਾ ਇਕ ਨਮੂਨੇ ਦੀ ਕਵਿਤਾ ਹੈ।

ਇਹ ਉਹ ਸਮਾਂ ਸੀ ਜਦ ਭਾਈ ਵੀਰ ਸਿੰਘ ਹੋਰੀਂ ਵੀ ਕਵਿਤਾ ਰਚ ਰਹੇ ਸਨ। ਗਦਰੀ ਕਵਿਤਾ ਸਿਰ ਲੱਥ ਜੋਧਿਆਂ ਦੀ ਰਚਨਾ ਹੈ। ਇਸ ਪ੍ਰੋਜੈਕਟ ਉਤੇ ੧੯੮੧ ਦੇ ਅੰਤ ਵਿਚ ਕੁਝ ਕੰਮ ਕੀਤਾ ਸੀ ਪਰ ਦੇਸੋਂ ਮੁੜ ਕੇ ਹੁਣ ਤਕ ਕੇਵਲ ਇਹੋ ਪ੍ਰੋਜੈਕਟ ਨਿਭਾ ਸਕਿਆ ਹਾਂ। ਹੋਰ ਕੋਈ ਕੰਮ ਨਹੀਂ ਕੀਤਾ।

ਗਦਰੀ ਬਾਬੇ ਦੀ ਗੁੜ੍ਹਤੀ ਆਪਣੇ ਲੜਕੇ ਸਰਦਾਰ ਗੁਰਦੇਵ ਸਿੰਘ ਢਿਲੋਂ ਨੂੰ ਵੀ ਮਿਲੀ। ਉਨ੍ਹਾਂ ਵੀ ਕੈਨੇਡਾ ਰਹਿ ਕੇ ਦੇਸ ਭਗਤ ਕਵਿਤਾ ਦੀ ਰਚਨਾ ਕੀਤੀ ਹੈ। ਉਨ੍ਹਾਂ ਦਾ ਸੰਖੇਪ ਜੀਵਨ ਤੇ ਕਵਿਤਾ ਵੀ ਹਾਜ਼ਰ ਹੈ। ਪਿਓ-ਪੁਤਰ ਦੀ ਕਵਿਤਾ ਹੈ। ਇਹ ਇਕੋ ਕਿਤਾਬ ਬਣੇਗੀ।

ਗ਼ਦਰ ਗੂੰਜਾਂ ਦੀਆਂ ਪੂਰੀਆਂ ਜ਼ਿਲਦਾਂ ਕਿਧਰੇ ਨਹੀਂ ਮਿਲਦੀਆਂ। ਦੇਸ਼ ਭਗਤ ਹਾਲ ਵਿਚ ਵੀ ਨਹੀਂ। ਕੁਝ ਸਮੇਂ ਪਿਛੋਂ **ਆਜ਼ਾਦੀ ਦੀਆਂ ਗੂੰਜਾਂ** (੧੯੩੦) ਵੀ ਛਪਦੀਆਂ ਰਹੀਆਂ ਹਨ। ਉਹ ਵੀ ਪੂਰੀਆਂ ਨਹੀਂ ਮਿਲਦੀਆਂ। ਕਾ: ਭਗਤ ਸਿੰਘ ਜੀ ਬਿਲਗਾ ਨੇ ਕਾਫੀ ਕੁਝ ਸੰਭਾਲ ਕੇ ਰਖਿਆ ਹੋਇਆ ਹੈ। ਉਨ੍ਹਾਂ ਦਸਿਆ ਸੀ ਕਿ ਕਿਰਤੀ ਦੀਆਂ ਜ਼ਿਲਦਾਂ (ਉਨ੍ਹਾਂ ਦੇ ਸਮੇਂ ਤੋਂ ਪਹਿਲੋਂ) ਕੋਈ ਪਟਿਆਲੇ ਲੈ ਗਿਆ ਸੀ ਉਹ ਵੀ ਨਹੀਂ ਮੁੜੀਆਂ ਸਨ।

ਗਦਰ ਗੂੰਜਾਂ ਦੀ ਸਾਰੀ ਕਵਿਤਾ ਤੇ **ਅਜ਼ਾਦੀ ਦੀਆਂ ਗੂੰਜਾਂ** ਦੀ ਕਵਿਤਾ ਲੋਕਾਂ ਦੇ ਸਾਹਮਣੇ ਆਉਣੀ ਲੋੜੀ ਦੀ ਹੈ। ਸਮਾਂ ਬਹੁਤ ਬੀਤ ਚੁਕਾ ਹੈ। ਜੇ ਹੁਣ ਵੀ ਇਹ ਨਾ ਸੰਭਾਲੀ ਗਈ ਤਾਂ ਸਦਾ ਲਈ ਗੁੰਮ ਹੋ ਜਾਣ ਦਾ ਅੰਦੇਸ਼ਾ ਹੈ।

ਕੁਝ ਅਜਿਹੀਆਂ ਕਵਿਤਾਵਾਂ ਹਨ ਜੋ ਗਦਰ ਅਖਬਾਰ ਵਿਚ ਹੀ ਛਪੀਆਂ ਹਨ। ਗਦਰ ਗੂੰਜਾਂ ਵਿਚ ਸ਼ਾਮਲ ਨਹੀਂ। ਇਹ ਕਵਿਤਾਵਾਂ ਵੀ ਸੰਭਾਲਣ ਦੀ ਲੋੜ ਹੈ।

ਕਾਫੀ ਚਿਰਾਂ ਤੋਂ ਹੇਠ ਲਿਖੇ ਕੰਮ ਸ਼ੁਰੂ ਕੀਤੇ ਹੋਏ ਹਨ। ਮੁਕੰਮਲ ਕਰਨ ਵਿਚ ਕਈ ਸਾਲ ਹੋਰ ਲਗਣਗੇ।

Sri Satguru Jagjit Singh Ji Elibrary NamdhariElibrary@gmail.com

(1) ਗਦਰ ਗੂੰਜਾਂ ਤੇ ਆਜ਼ਾਦੀ ਦੀਆਂ ਗੂੰਜਾਂ ਦਾ ਖਰੜਾ।

(2) "ਗਦਰ" ਅਖਬਾਰ ਵਿਚ ਛਪੀ ਵਾਰਤਕ ਦੇ ਨਮੂਨੇ।

(3) ਸ਼ਹੀਦਾਂ ਤੇ ਦੇਸ਼ ਭਗਤਾਂ ਦੇ ਸੰਖੇਪ ਜੀਵਨ।

ਦੇਸ਼ ਭਗਤ ਹਾਲ ਵਿਚ ਲਗੀਆਂ ਤਸਵੀਰਾਂ ਉਤੇ ਘਟੋ ਘਟ ਇਕ ਇਕ ਸਫਾ ਜ਼ਰੂਰ ਲਿਖਿਆ ਹੋਣਾ ਚਾਹੀਦਾ ਹੈ।

ਪਿਛਲੀ ਦੇਸ਼ ਫੇਰੀ ਸਮੇਂ ਮੈਂ ਸਭ ਫੋਟੋ ਲੁਹਾ ਲਿਆਇਆ ਸਾਂ ਕੁਝ ਅਜਿਹੀਆਂ ਹਸਤੀਆਂ ਤੇ ਸ਼ਹੀਦ ਵੀ ਹਨ ਜਿਨ੍ਹਾਂ ਬਾਰੇ ਪੜਤਾਲ ਕਰਕੇ ਤਸਵੀਰਾਂ ਬਣਵਾਈਆਂ ਹਨ। ਹਾਲਾਤ ਲਿਖ ਰਿਹਾ ਹਾਂ। ਇੰਨਾ ਜੋਧਿਆਂ ਬਾਰੇ ਦੇਸ਼ ਭਗਤਾਂ ਨੂੰ ਵੀ ਖਬਰ ਨਹੀਂ।

ਤੁਸੀਂ ਸਰਦਾਰ ਹਜ਼ਾਰਾ ਸਿੰਘ ਜੀ ਨੂੰ ਜਾਣਦੇ ਹੀ ਹੋ ਜੋ ਪਹਿਲੋਂ ਦੇਸ਼ ਭਗਤ ਹਾਲ ਵਿਚ ਰਹਿੰਦੇ ਸਨ। ਉਹ ਪਹਿਲੇ ਕਮਿਊਨਿਸਟ ਸਨ ਜਿਨ੍ਹਾਂ ਨੂੰ ਕੈਲੇਫੋਰਨੀਆਂ ਵਿਚ ਕਮਿਊਨਿਸਟ ਵਿਚਾਰਾਂ ਦੇ ਹੋਣ ਕਰਕੇ ਇਕ ਸਾਲ ਸਜ਼ਾ ਹੋਈ ਸੀ। ਉਨ੍ਹਾ ਗਦਰ ਦੇ ਦੂਜੇ ਦੌਰ ਦੇ ਸਮੇਂ ਕਵਿਤਾ ਵੀ ਲਿਖੀ ਹੈ। ਜਦ ਮੈਂ ਉਨ੍ਹਾਂ ਨੂੰ ਦਸਿਆ ਕਿ ਉਨ੍ਹਾ ਦੀਆਂ ਲਿਖੀਆਂ ਤੇ ਕੈਲੇਫੋਰਨੀਆਂ ਵਿਚ ਛਪੀਆਂ ਕੁਝ ਕਵਿਤਾਵਾਂ ਮੈਨੂੰ ਮਿਲੀਆਂ ਹਨ, ਤਾਂ ਉਹ ਹੈਰਾਨ ਹੋ ਗਏ। ਅਜਿਹੀਆਂ ਕਵਿਤਾਵਾਂ ਲੋਕਾਂ ਦੇ ਸਾਹਮਣੇ ਆਉਣੀਆਂ ਚਾਹੀਦੀਆਂ ਹਨ।

ਤੁਹਾਡਾ ਆਪਣਾ
ਕੇਸਰ ਸਿੰਘ

ਪੁਸਤਕ ਚਰਚਾ

ਥਲਾਂ ਦੀ ਰੇਤ

ਸੁਰਜੀਤ ਸਿੰਘ 'ਸੱਧਰ'

ਪੁਸਤਕ 'ਥਲਾਂ ਦੀ ਰੇਤ' ਨੂੰ ਸਾਹਿਤ ਸਭਾ ਫ਼ਰੀਦਕੋਟ ਨੇ ਪ੍ਰਕਾਸ਼ਤ ਕੀਤਾ ਹੈ ਜਿਸਦੇ ਲੇਖਕ ਹਨ ਨਵਰਾਹੀ ਘੁਗਿਆਣਵੀ। ਕਵੀ ਨੇ ਆਪਣਾ ਕਲਮੀ ਸਫ਼ਰ ਵੱਡੀ 'ਘਾਲਣਾ' ਘਾਲਕੇ ਤਹਿ ਕੀਤਾ ਹੈ ਤੇ ਹੁਣ ਉਹ 'ਥਲਾਂ ਦੀ ਰੇਤ' ਵਿਚ ਆਣ ਪੁੱਜਾ ਹੈ। ਇਹ ਉਸਦਾ ਦੂਸਰਾ ਕਾਵਿ ਸੰਗ੍ਰਹਿ ਹੈ। 'ਥਲਾਂ ਦੀ ਰੇਤ' ਨੂੰ ਉਸਨੇ ਦੱਬੇ ਕੁਚਲੇ ਤੇ ਕਮਜ਼ੋਰ ਲੋਕਾਂ ਲਈ ਚਿੰਨ੍ਹ ਬਣਾਕੇ ਵਰਤਿਆ ਹੈ। ਕਵੀ ਅਜੋਕੇ ਸਮਾਜਿਕ ਢਾਂਚੇ ਤੋਂ ਸੁਤੰਸ਼ਟ ਨਹੀਂ ਹੈ ਤੇ ਨਾ ਹੀ ਉਸਨੂੰ ਫਜ਼ੂਲ ਤੇ ਪੁਰਾਣੇ ਰੀਤੀ ਰਿਵਾਜ ਜੱਚਦੇ ਹਨ। ਉਹ ਸਮਾਜ ਵਿਚ ਕਲਮ ਦੇ ਹਥਿਆਰ ਨਾਲ ਚੇਤਨਤਾ ਤੇ ਜਾਗ੍ਰਿਤੀ ਲਿਆਉਣਾ ਚਾਹੁੰਦਾ ਹੈ ਤੇ ਇਸ ਮੰਤਵ ਦੀ ਪੂਰਤੀ ਲਈ ਉਹ ਆਪਣੇ ਕਲਮੀ ਦੋਸਤਾਂ, ਸਾਹਿਤਕਾਰਾਂ ਤੇ ਬੁਧੀਜੀਵੀਆਂ ਨੂੰ ਆਖਦਾ ਹੈ :—

"ਆਇਆ ਸਮਾਂ ਹੈ ਦੋਸਤੋ, ਰੀਤਾਂ ਉਲਟਾਉਣ ਦਾ
ਆਓ 'ਥਲਾਂ ਦੀ ਰੇਤ' ਨੂੰ ਅੰਬਰਾਂ ਤੇ ਚਾੜ੍ਹੀਏ।"

ਕਵੀ ਦੇਸ਼ ਦੇ ਨੌਜਵਾਨਾਂ ਨੂੰ ਆਪਣੀ ਕਵਿਤਾ ਰਾਹੀ ਗਫ਼ਲਤ ਦੀ ਨੀਂਦ ਤੋਂ ਜਗਾਉਂਦਾ ਹੋਇਆ ਲਿਖਦਾ ਹੈ।

"ਜਾਗੇ ਕੋਈ ਭਗਤ ਸਿੰਘ ਜਾਗੇ, ਜਾਗੇ ਕੋਈ ਸਰਾਭਾ।
ਲੰਡੀ ਬੁੱਚੀ ਅਗੇ ਆ ਗਈ, ਗੱਲ ਨਾ ਚੰਗੀ ਬਾਬਾ।
ਹਰ ਇਕ ਬੰਨੇ ਕਾਇਰ ਕਮੀਨੇ ਕਰਦੇ ਨੇ ਮਨ ਆਈਆਂ,
'ਨਵਰਾਹੀ' ਜੇ ਰਿਹਾ ਇਸ ਤਰ੍ਹਾਂ ਹੋਸੀ ਖੂਨ ਖਰਾਬਾ।"

ਕਵੀ ਆਪ ਅਲੰਬਰਦਾਰ ਬਣਕੇ ਅੱਗੇ ਆ ਖਲੋਤਾ ਹੈ। ਉਸਦਾ ਵਿਚਾਰ ਹੈ ਕਿ ਉਸਨੂੰ ਉਸਦੇ ਸਹਿਯੋਗੀ ਆਪੇ ਆਣਕੇ ਹੁੰਗਾਰਾ ਦੇਣਗੇ। ਉਹ ਇਕ ਥਾਂ ਤੇ ਲਿਖਦਾ ਹੈ :-

"ਮਨਾਂ ਤੂੰ ਠੇਲ ਦੇ ਕਿਸ਼ਤੀ, ਕਿਨਾਰੇ ਆ ਹੀ ਜਾਵਣਗੇ।
ਨਹੀਂ ਤਾਂ ਭੰਵਰ ਹਰ ਹਾਲਤ ਵਿਚਾਰੇ ਆ ਹੀ ਜਾਵਣਗੇ,
ਤੂੰ ਆਪਣੀ ਬਾਤ ਛਡੀਂ ਨਾ, ਕਥਾ ਦਾ ਰੌਂਅ ਗੁਵਾਈਂ ਨਾ
ਆਪਣੇ ਆਪ ਹੀ ਕਿਧਰੇ ਹੁੰਗਾਰੇ ਆ ਹੀ ਜਾਵਣਗੇ।"

ਪਿੱਛੇ ਜਿਹੇ ਨੰਗਲ ਵਿਖੇ ਦੋ ਦਰਜਨ ਬੱਚੇ ਇਕ ਕਿਸ਼ਤੀ ਹਾਦਸੇ ਵਿਚ ਡੁਬ ਕੇ ਮਰ ਗਏ। ਕਵੀ ਦੀ ਕਲਮ ਇਹ ਦੁਖਾਂਤ ਵੇਖਕੇ ਚੁਪ ਨਾ ਰਹਿ ਸਕੀ। ਉਹ ਆਪਣੀ ਇਕ ਰੁਬਾਈ ਵਿਚ ਇਸ ਤਰਾਂ ਲਿਖਦਾ ਹੈ :—

ਫੁੱਲਾਂ ਵਰਗੇ ਬਾਲ ਸੁਹਾਣੇ ਸੈ ਅਖੀਆਂ ਦੇ ਤਾਰੇ।
ਪ੍ਰਬੰਧਕਾਂ ਦੀ ਲਾ ਪ੍ਰਵਾਹੀ, ਡੋਬ ਡੋਬ ਕੇ ਮਾਰੇ।
ਜੇਕਰ ਰਾਜ ਨਹੀਂ ਕਰਨਾ ਆਉਂਦਾ, ਛਡਕੇ ਹੋ ਜਾਓ ਪਾਸੇ,
ਨਵਰਾਹੀ ਤਬਦੀਲੀ ਆਉਣੀ ਦੂਰੋਂ ਮਿਲਣ ਇਸ਼ਾਰੇ।"

ਸੰਖੇਪ ਵਿਚ ਮੈਂ ਇਹ ਆਖਾਂਗਾ ਕਿ 'ਥਲਾਂ ਦੀ ਰੇਤ' ਵਿਚ ਕਵੀ ਇਕ ਕ੍ਰਾਂਤੀਕਾਰ ਕਵੀ ਦੇ ਰੂਪ ਵਿਚ ਆਪਣੇ ਆਪ ਨੂੰ ਪੇਸ਼ ਕਰ ਰਿਹਾ ਹੈ। ਇਸ ਕੰਮ ਵਿਚ ਉਹ ਕਾਫੀ ਸਫਲ ਹੋਇਆ ਜਾਪਦਾ ਹੈ। ਪੁਸਤਕ ਦੀ ਛਪਾਈ ਸੁੰਦਰ ਹੈ। ਕੀਮਤ ਵਾਜਬ ਹੈ।

ਬਲਬੀਰ ਗੋ. ਹਾ. ਸਕੂਲ,
ਫਰੀਦਕੋਟ।

Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

AMBER FOODS

Amber pet HYDERABAD

(A.P.)

Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. I. 12 BORE

GUNS

Grams : SNIPER **Phone : 3805**

MODERN GUN WORKS

Opp. Industrial Estate,
JAMMU CANTT.

With best compliments from :-

NAMDHARI BROTHERS

Prop. S. AJIT SINGH
Main Bazar, DALTONGANJ (Bihar)
D alers : KIRLOSKAR DIESEL ENGINE. P. S G. ELECTRIC MOTORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

New Namdhari Cloth House

WHOLE SALE CLOTH DEALERS

Main Bazar DALTONGANJ (Bihar)

Sri Satguru Jagjit Singh Ji Elibrary NamdhariElibrary@gmail.com

ਕੈਨੇਡਾ ਟ੍ਰਸਟ ਦਾ ਸਨਮਾਨ-ਭੇਟ ਸਮਾਗਮ

੧੬ ਜਨਵਰੀ ਨੂੰ ਅੰਮ੍ਰਿਤਸਰ ਵਿਖੇ ਪਰਸਿੱਧ ਸਾਹਿਤ-ਕਾਰ ਅਤੇ ਰਾਜਨੀਤਕ ਆਗੂ, ਸੋਹਣ ਸਿੰਘ ਜੋਸ਼ ਦੀ ਯਾਦ ਵਿਚ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ ਕੈਨੇਡਾ ਵਲੋਂ ਇਕ ਸ਼ਾਨਦਾਰ ਅਤੇ ਗੰਭੀਰ ਸਮਾਗਮ ਕੀਤਾ ਗਿਆ। ਟ੍ਰਸਟ ਨੇ ਜੋਸ਼ ਜੀ ਲਈ ਐਲਾਨਿਆ ਗਿਆ ''ਕੌਮਾਂਤਰੀ ਮਨਜੀਤ ਯਾਦਗਾਰੀ ਸਾਹਿਤ-ਸ਼੍ਰੋਮਣੀ ਪੁਰਸਕਾਰ'' ਉਹਨਾਂ ਦੇ ਦੁਖਦਾਈ ਚਲਾਣੇ ਕਾਰਨ ਉਹਨਾਂ ਦੀ ਜੀਵਨ-ਸਾਥਣ, ਮਾਤਾ ਕਰਮ ਕੌਰ ਜੀ ਨੂੰ ਭੇਟ ਕੀਤਾ।

ਸਾਹਿਤਕਾਰਾਂ ਅਤੇ ਸਾਹਿਤ-ਰਸੀਆਂ ਦੇ ਵਿਸ਼ਾਲ ਇਕੱਠ ਵਲੋਂ ਅੰਮ੍ਰਿਤਸਤ ਦੀਆਂ ਬੱਚੀਆਂ ਨੇ ਮਾਤਾ ਜੀ ਦਾ ਫੁੱਲਾਂ ਦੇ ਹਾਰਾਂ ਨਾਲ ਸੁਆਗਤ ਕੀਤਾ। ਸੰਤੋਖ ਸਿੰਘ ਧੀਰ ਨੇ ਵਿਸ਼ੇਸ਼ ਇਸ ਮੌਕੇ ਲਈ ਲਿਖੀ ਹੋਈ ਇਕ ਕਵਿਤਾ ਪੜ੍ਹੀ ਅਤੇ ਗਾਇਕ ਅਮਰੀਕ ਹਰਗੋਬਿੰਦਪੁਰੀ ਨੇ ਜੋਸ਼ ਜੀ ਦੀ ਯਾਦ ਵਿਚ ਗੀਤ ਪੇਸ਼ ਕੀਤਾ। ਟ੍ਰਸਟ ਦੇ ਪਰਧਾਨ, ਪ੍ਰਸਿੱਧ ਪੰਜਾਬੀ ਕਵੀ, ਸ਼੍ਰੀ ਗੁਰਚਰਨ ਰਾਮਪੁਰੀ ਨੇ, ਜੋ ਇਸ ਸਮਾਗਮ ਲਈ ਕੈਨੇਡਾ ਤੋਂ ਉਚੇਚੇ ਤੌਰ ਉਤੇ ਆਏ ਸ਼ਨ, ਸੁਆਗਤੀ ਭਾਸ਼ਨ ਦਿਤਾ ਅਤੇ ਟ੍ਰਸਟ ਦੇ ਮੈਂਬਰ ਪ੍ਰੋ. ਦਰਸ਼ਨ ਨੱਤ ਨੇ ਪੁਰਸਕਾਰ ਬਾਰੇ ਜਾਣਕਾਰੀ ਦਿਤੀ।

ਆਰੰਭ ਵਿਚ ਬਜ਼ੁਰਗ ਲੇਖਕ ਸ. ਸ. ਅਮੋਲ ਨੇ ਅੱਧੀ ਸਦੀ ਤੋਂ ਵੱਧ ਸਮੇਂ ਦੀਆਂ ਜੋਸ਼ ਜੀ ਦੀਆਂ ਭਾਸ਼ਾਈ; ਸਾਹਿਤਕ, ਸਭਿਆਚਾਰਕ, ਸਮਾਜਕ ਅਤੇ ਰਾਜਨੀਤਕ ਖੇਤਰ ਵਿਚਲੀਆਂ ਦੇਣਾਂ ਦਾ ਜ਼ਿਕਰ ਕੀਤਾ। ਸ੍ਰੀ ਜਗਜੀਤ ਸਿੰਘ ਆਨੰਦ ਨੇ ਜੋਸ਼ ਜੀ ਦੀ ਲੰਮੀ ਘਾਲਣਾ ਦਾ ਜ਼ਿਕਰ ਕਰਨ ਪਿਛੋਂ ਕਿਹਾ ਕਿ ਉਹ ਅਨੇਕ ਸੰਗਰਾਮ ਲੜਨ ਵਿਚ ਇਸ ਲਈ ਸਫਲ ਹੋ ਸਕੇ ਕਿਉਂਕਿ ਉਹਨਾ ਦੇ ਪਿਛੇ ਮਾਤਾ ਕਰਮ ਕੌਰ ਦੇ ਰੂਪ ਵਿਚ ਬਹੁਤ ਬਲਵਾਨ ਸ਼ਕਤੀ ਮੌਜੂਦ ਸੀ। ਨਾਟਕਕਾਰ ਗੁਰਸ਼ਰਨ ਸਿੰਘ ਨੇ ਕਿਹਾ ਕਿ ਇਕ ਇਸਤਰੀ ਦੀ ਯਾਦ ਵਿਚ ਸਥਾਪੜ ਕੀਤੇ ਗਏ ਸਨਮਾਣ ਦਾ ਇਕ ਇਸਤਰੀ ਕਾਲਜ ਵਿਚ ਇਕ ਇਸਤਰੀ ਨੂੰ ਭੇਟ ਕੀਤੇ ਜਾਣਾ ਬਹੁਤ ਚਿੰਨ੍ਹਾਤਮਕ ਹੈ, ਕਿਉਂਕਿ ਇਕ ਵਾਰ ਜੋਸ਼ ਜੀ ਨੇ ਉਹਨਾਂ ਦੇ ਸਵਾਲ ਦਾ ਜੁਆਬ ਦਿੰਦਿਆ ਦਸਿਆ ਸੀ ਕਿ ਦੇਸ਼ ਵਿਚ ਇਨਕਲਾਬ ਉਸ ਸਮੇਂ ਆਵੇਗਾ ਜਦੋਂ ਇਸਤਰੀ ਦਾ ਪੂਰਾ ਮਾਣ ਹੋਣ ਲੱਗੇਗਾ ਅਤੇ ਸਾਡੇ ਸਭਿਆਚਾਰ ਵਿਚੋਂ ਮਾਂ-ਭੈਣ ਦੀ ਗਾਲ੍ਹ ਖ਼ਤਮ ਹੋ ਜਾਵੇਗੀ। ਅਕਾਦਮਿਕ ਅਤੇ ਬੌਧਿਕ ਖੇਤਰ ਵਲੋਂ ਡਾ. ਕਰਨੈਲ ਸਿੰਘ ਥਿੰਦ ਨੇ ਅਤੇ ਅੰਮ੍ਰਿਤਸਰ ਦੇ ਲੇਖਕਾਂ ਵਲੋਂ ਸਰਬ-ਸ਼੍ਰੀ ਕਾਂਗ, ਪਰਵਾਨਾ ਅਤੇ ਕਾਲੀਆ ਨੇ ਜੋਸ਼ ਜੀ ਸੰਬੰਧੀ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਸਾਰੇ ਬੁਲਾਰਿਆਂ ਵਲੋਂ ਜੋਸ਼ ਜੀ ਦੀਆਂ ਅਣਛਪੀਆਂ ਲਿਖਤਾਂ, ਖ਼ਾਸ ਕਰਕੇ ਉਹਨਾਂ ਦੀ ਜੀਵਨੀ ਤੁਰਤ ਛਾਪੇ ਜਾਣ ਦੀ ਮੰਗ ਕੀਤੀ ਗਈ।

ਇਸ ਪਿਛੋਂ ਗੁਰਬਚਨ ਸਿੰਘ ਭੁੱਲਰ ਵਲੋਂ ਇਸ ਮੌਕੇ ਲਈ ਉਚੇਚੀ ਤਿਆਰ ਕੀਤੀ ਗਈ ਇਕ ਸ਼ਾਨਦਾਰ ਪੁਸਤਕ ''ਸੋਹਣ ਸਿੰਘ ਜੋਸ਼'' ਦੀ ਘੁੰਡ-ਚੁਕਾਈ ਦੀ ਰਸਮ ਹੋਈ। ਜੋਸ਼ ਜੀ ਵਲੋਂ ਇਸਤਰੀ ਨੂੰ ਦਿਤੇ ਜਾਂਦੇ ਸਤਿਕਾਰ ਵੱਲ ਦੇਖਦਿਆਂ ਭੁੱਲਰ ਨੇ ਪੰਜਾਬ ਦੀ ਇਕ ਉੱਘੀ ਧੀ, ਉਰਮਿਲਾ ਆਨੰਦ ਨੂੰ ਬੇਨਤੀ ਕੀਤੀ ਕਿ ਉਹ ਪੁਸਤਕ ਦੀ ਪਹਿਲੀ ਕਾਪੀ ਬਜ਼ੁਰਗ ਸਾਹਿਤਕਾਰ ਗੁਰਦਿਤਾ ਖੰਨਾ ਜੀ ਨੂੰ ਭੇਟ ਕਰਨ।

ਸ਼੍ਰੀ ਗੁਰਚਰਨ ਰਾਮਪੁਰੀ ਨੇ ਤਾੜੀਆਂ ਦੀ ਗੂੰਜ ਵਿਚ ਅਤੇ ਫੁੱਲ ਫੁੱਲ ਪੈਂਦੇ ਜਜ਼ਬਿਆਂ ਵਾਲੇ ਮਾਹੌਲ ਵਿਚ ਸਨਮਾਨ-ਪੱਤਰ ਅਤੇ ਚੈੱਕ ਮਾਤਾ ਕਰਮ ਕੌਰ ਜੀ ਦੇ ਚਰਨਾਂ ਵਿਚ ਭੇਟ ਕੀਤੇ। ਜੋਸ਼ ਜੀ ਦੇ ਪਰਵਾਰ ਵਲੋਂ ਉਹਨਾਂ ਦੇ ਸਪੁੱਤਰ ਸ੍. ਦੇਵਿੰਦਰ ਸਿੰਘ ਨੇ ਅਤੇ ਇਕ ਨਜ਼ਦੀਕੀ ਰਿਸ਼ਤੇਦਾਰ ਸ੍. ਪਾਲ ਸਿੰਘ ਨੇ ਧੰਨਵਾਦੀ ਬੋਲ ਕਹੇ। ਸਮਾਗਮ ਦੇ ਪਰਧਾਨ, ਪ੍ਰੋ. ਸੁਜਾਨ ਸਿੰਘ ਨੇ ਜੋਸ਼ ਜੀ ਦੀ ਮਹਾਂਆਕਾਰੀ ਸ਼ਖਸੀਅਤ ਦਾ ਜ਼ਿਕਰ ਕਰਦਿਆਂ ਟ੍ਰਸਟ ਨੂੰ ਸਨਮਾਨ ਸਥਾਪਤ ਕਰਨ ਲਈ ਅਤੇ ਠੀਕ ਚੋਣ ਕਰਨ ਲਈ ਵਧਾਈ ਦਿਤੀ।

ਗੁਰਬਚਨ ਸਿੰਘ ਭੁੱਲਰ ਨੇ ਤਿੱਖੀ ਠੰਢ ਤੇ ਬਿਰਧ ਅਵਸਥਾ ਦੇ ਬਾਵਜੂਦ ਉਥੇ ਆਉਣ ਲਈ ਮਾਤਾ ਕਰਮ ਕੌਰ ਜੀ ਦਾ, ਨਿੱਘੀ ਮਿਲਵਰਤਨ ਲਈ ਜੋਸ਼ ਜੀ ਦੇ ਸਾਰੇ ਪਰਿਵਾਰ ਦਾ, ਇਮਾਰਤ ਵਰਤਣ ਦੀ ਆਗਿਆ ਦੇਣ ਲਈ ਪ੍ਰਿੰਸੀਪਲ ਪਿਪਲਾਨੀ ਦਾ ਅਤੇ ਆਉਣ ਦੀ ਖੇਚਲ ਲਈ ਉਥੇ ਜੁੜੇ ਸਭਨਾਂ ਸੱਜਣਾਂ ਦਾ ਧੰਨਵਾਦ ਕੀਤਾ। ਅੰਤ ਵਿਚ ਪੰਜਾਬੀ ਲਿਟਰੇਰੀ ਟ੍ਰਸਟ ਕੈਨੇਡਾ ਵਲੋਂ ਅੰਮ੍ਰਿਤਸਰ ਦੇ ਸਾਹਿਤ-ਰਸੀਆਂ ਦੀ ਚਾਹ-ਪਾਣੀ ਨਾਲ ਸੇਵਾ ਕੀਤੀ ਗਈ।

Sri Satguru Jagjit Singh Ji Elibrary NamdhariElibrary@gmail.com

ਕੇਂਦਰੀ ਪੰਜਾਬੀ ਲੇਖਕ ਸਭਾ

ਸਭਾ ਦੀ ਐਗਜ਼ੈਕਟਿਵ ਕਮੇਟੀ ਨੇ ੯ ਜਨਵਰੀ ਨੂੰ ਲੁਧਿਆਣੇ ਵਿਚ ਹੋਈ ਆਪਣੀ ਮੀਟਿੰਗ ਵਿਚ ਹੋਈ ਆਪਣੀ ਮੀਟਿੰਗ ਵਿਚ ਰਾਜ-ਪ੍ਰਬੰਧ ਵਿਚ ਪੰਜਾਬੀ ਲਾਗੂ ਕਰਨ ਦੀ ਵਰਤਮਾਨ ਸਥਿਤੀ ਅਤੇ ਸਭਾ ਵਲੋਂ ਇਸ ਸੰਬੰਧ ਵਿਚ ਕੀਤੇ ਗਏ ਯਤਨਾਂ ਦਾ ਰੀਵੀਊ ਕੀਤਾ। ਐਗਜ਼ੈਕਟਿਵ ਕਮੇਟੀ ਨੇ ਅਨੁਭਵ ਕੀਤਾ ਕਿ ਸਭਾ ਵਲੋਂ ਪਿਛਲੇ ਸਾਲ ਸਥਾਨਕ ਪੱਧਰ ਉਤੇ ਦਿਤੇ ਗਏ ਧਰਨਿਆਂ ਅਤੇ ਰਾਜ ਦੇ ਮੁਖੀਆਂ ਨਾਲ ਸਭਾ ਦੇ ਵਫਦਾਂ ਦੀ ਭੇਂਟ ਪਿਛੋਂ ਵੀ ਕੋਈ ਬਹੁਤਾ ਫਰਕ ਨਹੀਂ ਪਿਆ। ਰਾਜ ਦੇ ਮੰਤਰੀ ਇਸ ਮਸਲੇ ਬਾਰੇ ਬਿਲਕੁਲ ਗੰਭੀਰ ਨਹੀਂ, ਜਦਕਿ ਉਚ ਅਧਿਕਾਰੀ ਆਪਣੇ ਸੌੜੇ ਹਿਤਾਂ ਖਾਤਰ ਜਾਣ ਬੁਝਕੇ ਪੰਜਾਬੀ ਦੀ ਵਰਤੋਂ ਦੇ ਰਾਹ ਵਿਚ ਅੜਿਕਾ ਬਣ ਰਹੇ ਹਨ। ਇਸ ਲਈ ਇਸ ਮਸਲੇ ਨੂੰ ਹੋਰ ਸ਼ਕਤੀਸ਼ਾਲੀ ਰੂਪ ਵਿਚ ਉਭਾਰਨ ਦੀ ਲੋੜ ਹੈ। ਫੈਸਲਾ ਕੀਤਾ ਗਿਆ ਹੈ ਕਿ ੧੬ ਫਰਵਰੀ ਨੂੰ ਪੰਜਾਬ ਸਿਵਲ ਸਕੱਤਰੇਤ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇ। ਇਸ ਮੰਤਵ ਲਈ ਸਭ ਸਭਾਵਾਂ ਹੁਣੇ ਤੋਂ ਤਿਆਰੀ ਆਰੰਭ ਦੇਣ ਅਤੇ ਵੱਧ ਤੋਂ ਵੱਧ ਗਿਣਤੀ ਵਿਚ ਰੋਸ ਪ੍ਰਦਰਸ਼ਨ ਤੇ ਧਰਨੇ ਵਿਚ ਸ਼ਾਮਲ ਹੋਣ। ਰੋਸ ਪ੍ਰਦਰਸ਼ਨ ਦੁਪਹਿਰ ਬਾਰਾਂ ਵਜੇ ਪਰੇਡ ਗਰਾਊਂਡ (ਬੱਸ ਸਟੈਂਡ ਦੇ ਲਾਗੇ) ਤੋਂ ਸ਼ੁਰੂ ਹੋਵੇਗਾ ਅਤੇ ਧਰਨਾ ਸ਼ਾਮ ਚਾਰ ਵਜੇ ਤਕ ਦਿੱਤਾ ਜਾਵੇਗਾ।

ਸ: ਰਘਬੀਰ ਸਿੰਘ ਜ: ਸਕਤਰ ਦੇ ਇਕ ਬਿਆਨ ਅਨੁਸਾਰ :

ਉਕਤ ਧਰਨੇ ਤੋਂ ਬਿਨਾਂ ਇਹ ਫੈਸਲਾ ਵੀ ਕੀਤਾ ਗਿਆ ਹੈ ਕਿ ਸਭਾ ਦੀ ਐਗਜ਼ੈਕਟਿਵ ਕਮੇਟੀ ਦੇ ਸਭ ਮੈਂਬਰ ਤੇ ਨਿਮੰਤ੍ਰਤ ਮੈਂਬਰ ਵਿਧਾਨ ਸਭਾ ਦੇ ਅਗਲੇ ਸਿਮਾਗਮ ਦੌਰਾਨ ਇਕ ਦਿਨ ਲਈ ਵਿਧਾਨ ਸਭਾ ਅੱਗੇ ਧਰਨਾ ਦੇਣ। ਐਗਜ਼ੈਕਟਿਵ ਨੇ ਕੁਝ ਅਧਿਕਾਰੀਆਂ ਉਤੇ ਮੁਕੱਦਮਾ ਚਲਾਉਣ ਦੇ ਆਪਣੇ ਪਹਿਲੇ ਫੈਸਲੇ ਨੂੰ ਮੁਤ ਦ੍ਰਿੜਾਇਆ ਹੈ। ਇਸ ਮੰਤ ਲਈ ਬਣਾਈ ਗਈ ਸਬ ਕਮੇਟੀ ਨੂੰ ਕਿਹਾ ਗਿਆ ਹੈ ਕਿ ਇਸ ਮਾਮਲੇ ਦੇ ਕਾਨੂੰਨੀ ਪੱਖ ਨੂੰ ਵਿਚਾਰਕੇ ਲੋੜੀਂਦੇ ਤੱਥਾਂ ਸਹਿਤ ਮੁਕੱਦਮਾਂ ਕੀਤਾ ਜਾਵੇ। ਸਭ ਸਭਾਵਾਂ ਅਤੇ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਪੰਜਾਬੀ ਲਾਗੂ ਨਾ ਕਰਨ ਸੰਬੰਧੀ ਜੋ ਵੀ ਸਮੱਗਰੀ ਮਿਲਦੀ ਹੋਵੇ, ਉਹ ਕੇਂਦਰੀ ਦਫਤਰ ਨੂੰ ਛੇਤੀ ਤੋਂ ਛੇਤੀ ਭੇਜਣ ਤਾਕਿ ਸਬ ਕਮੇਟੀ ਇਸ ਸੰਬੰਧ ਵਿਚ ਅਗਲੀ ਕਾਰਵਾਈ ਕਰ ਸਕੇ।

ਐਗਜ਼ੈਕਟਿਵ ਨੇ ਇਸ ਗੱਲ ਉਤੇ ਅਫਸੋਸ ਪ੍ਰਗਟ ਕੀਤਾ ਹੈ ਕਿ ਸਭਾ ਦੇ ਸਿਲਵਰ ਜੁਬਲੀ ਸਮਾਰੋਹਾਂ ਸਮੇਂ ਮੁਖ ਮੰਤਰੀ ਵਲੋਂ ਸਭਾ ਨੂੰ ਜਲੰਧਰ ਵਿਚ ਰੀਜ਼ਰਵ ਕੀਮਤ ਉਤੇ ਇਕ ਪਲਾਟ ਦੇਣ ਅਤੇ ਇਕ ਲੱਖ ਰੁਪਏ ਦੀ ਗ੍ਰਾਂਟ ਦੇਣ ਦੇ ਕੀਤੇ ਗਏ ਐਲਾਨ ਉਤੇ ਹਾਲੀ ਤਕ ਅਮਲ ਨਹੀਂ ਹੋਇਆ। ਸਭ ਦੇ ਇਕ ਵਫ਼ਦ ਨੇ ਮੁਖ ਮੰਤਰੀ ਨੂੰ ਉਹਨਾਂ ਦੇ ਐਲਾਨ ਦਾ ਚੇਤਾ ਕਰਾਇਆ ਸੀ। ਇਸ ਪਿਛੋਂ ਮੰਤਰੀ ਮੰਡਲ ਦੀ ਮੀਟਿੰਗ ਨੇ ਸਭਾ ਨੂੰ ਪਲਾਟ ਦੇਣ ਦੀ ਪ੍ਰਵਾਨਗੀ ਵੀ ਦਿੱਤੀ ਸੀ। ਪਰ ਹਾਲੇ ਤੱਕ ਅਮਲੀ ਕਾਰਵਾਟੀ ਕੋਈ ਨਹੀਂ ਹੋਈ। ਇਸ ਸੰਬੰਧ ਵਿਚ ਸਭਾ ਇਕ ਵਾਰ ਫੇਰ ਮੁੱਖ ਮੰਤਰੀ ਨੂੰ ਮਿਲਕੇ ਉਹਨਾਂ ਨੂੰ ਆਪਣੇ ਵਾਅਦੇ ਨੂੰ ਅਮਲੀ ਰੂਪ ਦੇਣ ਲਈ ਕਹੇਗੀ।

ਨਵੀਆਂ ਛਪੀਆਂ ਪੁਸਤਕਾਂ ਉਤੇ ਗੋਸ਼ਟੀਆਂ ਦੀ ਲੜੀ ਜਾਰੀ ਰਖਣ ਦੇ ਨਾਲ ਨਾਲ ਐਗਜ਼ੈਕਟਿਵ ਨੇ ਵਿਭਿੰਨ ਵਿਸ਼ਿਆ ਉਤੇ ਗੋਸ਼ਟੀਆਂ ਕਰਨ ਅਤੇ ਨਵੇਂ ਲੇਖਕਾਂ ਲਈ ਸਕੂਲ ਲਾਉਣ ਦਾ ਫੈਸਲਾ ਕੀਤਾ ਹੈ। ਸਕੂਲਾਂ ਵਿਚ ਉਘੇ ਲੇਖਕ ਤੇ ਆਲੋਚਕ ਸਾਹਿਤ ਦੇ ਬੁਨਿਆਦੀ ਪੱਖਾਂ ਬਾਰੇ ਨਵੇਂ ਲੇਖਕਾਂ ਨਾਲ ਵਿਚਾਰ ਵਟਾਂਦਰਾ ਕਰਨਗੇ ਅਤੇ ਆਪਣੇ ਅਨੁਭਵ ਦੱਸਣਗੇ। ਇਸ ਸੰਬੰਧ ਵਿਚ ਪਹਿਲਾ ਸਕੂਲ ਸਾਹਿਤ ਸਭਾ ਦਸੂਹਾ ਅਤੇ ਉਸ ਇਲਾਕੇ ਦੀਆਂ ਹੋਰ ਸਭਾਵਾਂ ਦੇ ਸਹਿਯੋਗ ਨਾਲ ਲਾਇਆ ਜਾਵੇਗਾ।

●

Sri Satguru Jagjit Singh Ji Elibrary NamdhariElibrary@gmail.com

ਕੈਕਟਸ ਦਾ ਪ੍ਰੇਮ

—ਜਸਵੰਤ ਸਿੰਘ ਵਿਰਦੀ

ਪ੍ਰੇਮ ਸਦਾ ਹੀ ਸੁਖਾਵਾਂ ਹੁੰਦਾ ਹੈ।

ਭਾਵੇਂ ਪ੍ਰੇਮ ਕਿਸੇ ਰੂਪ ਵਿਚ ਵੀ ਹੋਵੇ, ਉਹ ਸਾਨੂੰ ਸੁੱਖ ਹੀ ਦਿੰਦਾ ਹੈ। ਪਰ ਸ਼ਰਤ ਇਹ ਹੈ ਕਿ ਪ੍ਰੇਮ ਕਰਨ ਵਾਲਾ ਵਿਅਕਤੀ ਸੱਚਾ ਸੁੱਚਾ ਅਤੇ ਸਿਦਕਵਾਨ ਹੋਵੇ। ਸਿਦਕ ਦਿਲ ਤੋਂ ਬਗੈਰ ਪ੍ਰੇਮ ਕਾਇਮ ਨਹੀ ਰਹਿ ਸਕਦਾ। ਅਤੇ ਨਾ ਹੀ ਕੋਈ ਉਸ ਦੇ ਨਿਘ ਨੂੰ ਮਹਿਸੂਸ ਕਰ ਸਕਦਾ ਹੈ।

ਸੰਸਾਰ ਵਿਚ ਪ੍ਰੇਮ ਦੀਆਂ ਅਨੇਕ ਕਹਾਣੀਆਂ ਪ੍ਰਸਿੱਧ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪ੍ਰੇਮ ਦੀ ਮਹਾਨਤਾ ਦਾ ਪਤਾ ਲਗਦਾ ਹੈ।

ਕੈਕਟਸ ਨਾਲ ਜਿਨ੍ਹਾਂ ਲੋਕਾਂ ਨੇ ਪ੍ਰੇਮ ਕੀਤਾ, ਉਨ੍ਹਾਂ ਨੇ ਵੀ ਕੈਕਟਸ ਕੋਲੋਂ ਬਦਲੇ ਵਿਚ ਪ੍ਰੇਮ ਹੀ ਪ੍ਰਾਪਤ ਕੀਤਾ, ਹਾਲਾਂਕਿ ਹਰ ਕੋਈ ਕੈਕਟਸ ਦੇ ਕੰਡਿਆਂ ਤੋਂ ਡਰਿੰਦਾ ਹੈ।

ਕਹਿੰਦੇ ਨੇ ਕਿ ਇਕ ਵਾਰ ਅਮਰੀਕਾ ਦਾ ਇਕ ਬਨਸਪਤੀ ਵਿਗਿਆਨੀ ਕੈਕਟਸ ਦੇ ਪ੍ਰੇਮ ਜਾਲ ਵਿਚ ਫਸ ਗਿਆ। ਉਹ ਕੈਕਟਸ ਦੇ ਕੰਡਿਆਂ ਤੋਂ ਨਹੀਂ ਸੀ ਡਰਦਾ ਜਿਸ ਵੇਲੇ ਵੀ ਉਹ ਕੈਕਟਸ ਕੋਲ ਜਾਂਦਾ ਤਾਂ ਅੰਤਾ ਦੀ ਮੁਹੱਬਤ ਨਾਲ ਕਹਿੰਦਾ —'ਮੈਂ ਤੈਨੂੰ ਪਿਆਰ ਕਰਦਾ ਹਾਂ।'

ਉਸ ਵੇਲੇ ਉਸ ਨੂੰ ਇਸ ਗਲ਼ਾਂ ਪ੍ਰਤੀਤ ਹੁੰਦਾ ਜਿਵੇਂ ਕਿ ਕੈਕਟਸ ਦਾ ਪੌਦਾ ਵੀ ਉਸ ਨੂੰ ਵੇਖ ਕੇ ਮੁਸਕਰਾ ਰਿਹਾ ਹੋਵੇ।

ਉਹ ਵਿਗਿਆਨੀ ਫੇਰ ਕਹਿੰਦਾ —'ਕੈਕਟਸ, ਸ਼ਾਇਦ ਤੂੰ ਵੀ ਮੈਨੂੰ ਪਿਆਰ ਕਰਦਾ ਏਂ।'

ਜਿਹੜੇ ਲੋਕ ਬਨਸਪਤੀ ਵਿਗਿਆਨੀ ਦੀਆਂ ਕੈਕਟਸ ਨਾਲ ਹੋਣ ਵਾਲੀਆਂ ਇਨ੍ਹਾਂ ਗੱਲਾਂ ਨੂੰ ਸੁਣਦੇ ਸਨ, ਉਹ ਹੱਸ ਕੇ ਕਹਿੰਦੇ —'ਨਾ ਤੇ ਕੈਕਟਸ ਹੀ ਇਸ ਬਨਸਪਤੀ ਵਿਗਿਆਨੀ ਦੀ ਗੱਲ ਸਮਝਦਾ ਹੈ ਅਤੇ ਨਾ ਹੀ ਬਨਸਪਤੀ ਵਿਗਿਆਨੀ ਕੈਕਟਸ ਦੇ ਦਿਨ ਨੂੰ ਜਾਣਦਾ ਹੈ।'

ਫੇਰ ਵੀ ਪੂਰੇ ਸੱਤ ਵਰ੍ਹਿਆਂ ਤਕ ਹਰ ਰੋਜ਼ ਹੀ ਉਹ ਬਨਸਪਤੀ ਵਿਗਿਆਨੀ ਕੈਕਟਸ ਨੂੰ ਇਹੋ ਹੀ ਗੱਲ ਕਹਿੰਦਾ ਅਤੇ ਹਰ ਵਾਰ ਹੀ ਗੁਫਤਗੂ ਦੇ ਅੰਤ ਵਿਚ ਕੈਕਟਸ ਨੂੰ ਲਾਡ ਨਾਲ ਪੁਛਦਾ —'ਕੀ ਤੂੰ ਆਪਣਾ ਪ੍ਰੇਮ ਪ੍ਰਗਟ ਕਰਨ ਲਈ ਮੇਰੇ ਵਾਸਤੇ ਕੰਡਿਆਂ ਤੋਂ ਬਗੈਰ ਇਕ ਡਾਲੀ ਨਹੀਂ ਉਗਾ ਸਕਦਾ, ਕੈਕਟਸ ?

'ਇਸ ਤਰ੍ਹਾਂ ਦੀ ਮੁਹੱਬਤ ਦਾ ਕੋਈ ਲਾਭ ਨਹੀਂ।' ਲੋਕ ਕਹਿੰਦੇ ਸਨ।

'ਮੁਹੱਬਤ ਦਿਲਾਂ ਦੀ ਧੜਕਣ ਨਾਲ ਹੀ ਹੋ ਸਕਦੀ ਹੈ।'

ਪਰ ਉਹ ਬਨਸਪਤੀ ਵਿਗਿਆਨੀ ਆਪਣੀ ਲਗਨ ਵਿਚ ਪੂਰੀ ਤਰ੍ਹਾਂ ਦ੍ਰਿੜ੍ਹ ਰਿਹਾ।

ਉਸ ਬਨਸਪਤੀ ਵਿਗਿਆਨੀ ਦੀ ਕੈਕਟਸ ਨਾਲ ਮੁਹੱਬਤ ਦਾ ਸਿੱਟਾ ਇਹ ਨਿਕਲਿਆ ਕਿ ਕੁਝ ਚਿਰ ਮਗਰੋਂ ਕੈਕਟਸ ਵਿਚੋਂ ਜਿਹੜੀ ਨਵੀਂ ਡਾਲੀ ਫੁਟ ਕੇ ਵਧੀ ਫੁਲੀ, ਉਸ ਨਾਲ ਕੰਢੇ ਨਹੀਂ ਸਨ। ਉਹ ਬਹੁਤ ਹੀ ਕੋਮਲ ਥੀ।

ਬਨਸਪਤੀ ਵਿਗਿਆਨੀ ਨੇ ਉਸ ਨੂੰ ਪਿਆਰ ਨਾਲ ਪਲੋਸਿਆ ਤੇ ਗਦਗਦ ਹੋ ਕੇ ਕਿਹਾ—'ਪ੍ਰੇਮ ਕਰਨ ਵਾਲੇ ਦੂਸਰਿਆਂ ਨੂੰ ਕਦੀ ਵੀ ਕੰਡੇ ਨਹੀਂ ਚਭੋਉਂਦੇ।' ●

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ

ਸਿਲਸਲੇਵਾਰ

ਬੀਤੇ ਦੀਆਂ ਪੈੜਾਂ

(ਲੜੀ ਜੋੜਨ ਲਈ ਦਸੰਬਰ ੧੯੮੨ ਅੰਕ ਵੇਖੋ)

—ਪ੍ਰੀਤਮ ਸਿੰਘ ਕਵੀ

ਮਨਚੰਦੇ ਦੀ ਭਾਵਨਾ—

੨.੪੦ ਤੇ ਸਤਿਗੁਰੂ ਜੀ ਸਫੈਦ ਖਾਦੀ ਦੇ ਬਸਤਰਾਂ ਵਿਚ ਸਜਦੇ ਆਰਾਮ ਕਮਰਿਓਂ ਬਾਹਰ ਆਏ। ਬੈਠਣ ਕਮਰੇ ਵਿਚ ਮੈਂ ਇਕੱਲਾ ਹੀ ਸਾਂ। ਜਦੋਂ ਮੈਂ ਉਹਨਾ ਨੂੰ ਕਿਹਾ ਕਿ ਉਹਨਾਂ ਜੋ ਮੇਰੇ ਬਾਰੇ ਹੋਲੇ ਸਮੇਂ ਸੋਚਿਆ ਸੀ ਸੱਚ ਕਰ ਵਿਖਾਇਆ ਤਾਂ ਆਪ ਨੇ ਵਿਸਥਾਰ ਦੱਸਿਆ : ਸੁਰਿੰਦਰ ਸਿੰਘ (ਮਨਚੰਦਾ) ਨੇ ਤਿੰਨ ਟਿਕਟਾਂ ਜਹਾਜ਼ ਦੀਆਂ ਲੈ ਲਈਆਂ ਮੇਰੇ ਤੇ ਪੂਰਬੇ ਲਈ ਤੇ ਤੀਸਰੀ ਆਪਣੀ। ਕਹਿਣ ਲਗਾ, ਆਪ ਜੀ ਹਵਾਈ ਜਹਾਜ਼ ਤੇ ਚਲੋ। ਰੇਲ ਉਤੇ ਸਮਾਂ ਅਤੇ ਖੇਚਲ ਬਹੁਤ ਖਰਚ ਹੋਵੇਗੀ। ਮੈਂ ਦਸਿਆ ਕਿ ਬੱਚਿਆਂ ਦੇ ਨਾਲ ਨਾਲ ਜਾਣਾ ਸੀ ਅਤੇ ਨਾਲ ਹੀ ਸਿਖਾਣਾ ਸੀ। ਆਖਣ ਲੱਗਾ; ਉਹਨਾਂ ਦੀਆਂ ਟਿਕਟਾਂ ਵੀ ਲਈਆਂ ਜਾਣ-ਜੀਆਂ, ਆਪ ਜੀ ਬੰਬਈ ਜਾ ਕੇ ਸਿਖਾ ਲੈਣਾ। ਮੈਂ ਫੇਰ ਚੋਰ ਦਿਤਾ, ਹਵਾਈ ਸਫਰ ਤੇ ਖਰਚ ਕਰਨਾ ਓਨਾ ਜ਼ਰੂਰੀ ਨਹੀਂ ਜਿੰਨਾ ਗੁਰਬਾਣੀ ਦਾ ਉਸ ਦੇ ਤੱਤ ਆਸ਼ੇ ਅਨੁਸਾਰ ਉਸ ਦਾ ਟੀਕਾ ਕਰਵਾਣਾ। ਅਸਾਂ ਉਸ ਬਾਰੇ ਸੰਤ ਹਰਨਾਮ ਦਾਸ ਉਦਾਸੀ ਨਾਲ ਗੱਲ ਕੀਤੀ ਹੈ। ਛਪਾਈ ਆਦਿ ਦਾ ਰੇ ਹੋਰ ਖਰਚ ਇਸ ਤੋਂ ਵੱਖਰਾ ਹੋਣਾ ਹੈ। ਸੁਰਿੰਦਰ ਨੇ ਛਾਲ ਮਾਰੀ, 'ਦੀਨ ਦਿਆਲ ਉਹ ਵੀ ਹੋ ਜਾਵੇਗਾ। ਫਿਰ ਮੈਂ ਕਿਹਾ, ਕਵੀ ਹੁਰਾਂ ਨੂੰ ਵੀ ਨਾਲ ਲੈ ਚੱਲੀਏ। 'ਸਤਿ ਬਚਨ' ਜੀ ! ਉਸ ਨੇ ਏਨਾਂ ਕਾਹਲਾਂ ਨਾਲ ਕਿਹਾ ਕਿ ਸਾਥਣ ਹੀ ਸੁਣੀਚਾ ਅਤੇ ਜਤਨ ਜਾਰੀ ਹੋ ਗਏ।

ਸਤਿਗੁਰੂ ਜੀ ਨੇ ਇਸ ਗੱਲ ਦਾ ਭੋਗ ਪਾਂਦਿਆਂ ਕਿਹਾ : ਸਤਿਗੁਰਾਂ ਨੇ ਕਿਸੇ ਕਿਸੇ ਵਿਚ ਕੋਈਆਂ ਵਸਤੂ ਪਾ ਰਖੀਆਂ ਹਨ। ਮੈਂ ਯਾਦ ਕਰਵਾਇਆ : ਆਪ ਦਾ ਪਹਿਲਾ ਨਾਮ ਹੀ ਸਾਰਥਕ ਹੋ ਰਿਹਾ ਹੈ।—ਬੇਅੰਤ ! ਮੇਰੀ ਗੱਲ ਅਣਸੁਣੀ ਕਰਕੇ ਆਪ ਉਹਨਾਂ ਸੱਜਣਾਂ ਪਾਸ ਚਲੇ ਗਏ ਜਿਹੜੇ ਬਾਹਰ ਖਲੋਤੇ ਹੋਏ ਸਨ ਤੇ ਜਿਹੜੇ ਹੋਰ ੧੦ ਮਿੰਟ ਤਕ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਹੋਣੇ ਚਾਹੀਦੇ ਹਨ।

ਸੁਰਿੰਦਰ ਸਿੰਘ ਮਨਚੰਦਾ ਦੀ ਖਾਕੀ ਮਾਟਾਡੋਰ ਹਾਜ਼ਰ ਸੀ। ਸਾਮਾਨ ਲੱਦਿਆ ਜਾ ਚੁਕਾ ਸੀ। ਜਾਣ ਵਾਲੇ ਗੱਡੀ ਵਿਚ ਤਿਆਰ ਬੈਠੇ ਸਨ। ਜਾਣ ਵਾਲਿਆਂ ਦੀ ਫਹਿਰਿਸਤ ਸੁਣ ਕੇ ਹਰੇਕ ਬਾਬਤ ਜਾਣਕਾਰੀ ਲੈ ਲਈ ਕਿ ਉਹ ਮਾਟਾਡੋਰ ਵਿਚ ਹੈ ਜਾਂ ਸਟੇਸ਼ਨ ਤੇ ਕਿਸ ਢੰਗ ਨਾਲ ਜਾ ਰਿਹਾ ਹੈ।

ਆਪਜੀ ਨੇ ਗੱਡੀ ਤੋਰ, ਬੈਠਣ ਕਮਰੇ ਵਿਚ ਵਿਛੇ ਪਲੰਘ ਤੇ ਢੱਖੀ ਪਰਨੇ ਲੇਟ ਕੇ ਬੰਦਿਆਂ ਨੂੰ ਨਵਾ ਸਿਖਾਣਾ ਸਮਝਾਣਾ ਸ਼ੁਰੂ ਕਰ ਦਿਤਾ।

ਸੰਤ ਤਰਸੇਮ ਸਿੰਘ

ਸ੍ਰੀ ਸਤਿਗੁਰੂ ਜੀ ਦਾ ਨਿਜੀ ਸਕੱਤਰ ਸੰਤ ਤਰਸੇਮ

Sri Satguru Jagjit Singh Ji Elibrary NamdhariElibrary@gmail.com

ਸਿੰਘ ਦਿੱਲੀ ਪਹੁੰਚਾ ਹੋਇਆ ਹੈ ' ਸਤਿਗੁਰੂ ਜੀ ਉਪਰ ਚੌਰੀ ਕਰਦਿਆਂ ਵੇਖ, ਮੈਂ ਚਰਾ ਜ਼ਿਆਦਤੀ ਕੀਤੀ : ਸਤਿਗੁਰਾਂ ਦੇ ਨਾਲ ਜਾਣਾ ਹੈ ਕਿ ਸਹੁਰਿਆਂ ਦਾ ਸੁਖ ਮਾਣਨਾ ਹੈ ? ਉੱਤਰ ਸੀ : ਅਜੇ ਤਾਂ ਮੈਨੂੰ ਸੁਖ ਸਤਿਗੁਰਾਂ ਪਾਸ ਹੀ ਲਗਦਾ ਹੈ। ਸਹੁਰਿਆਂ ਦਾ ਸੁਖ ਏਦ੍ਹੂੰ ਹੋਰ ਲਗਦਾ ਹੈ। ਥੋੜੇ ਚਿਰ ਪਿਛੋਂ ਤਰਸੇਮ ਸਿੰਘ ਨੇ ਦਸਿਆ : ਨਾਲੇ ਮੇਰਾ ਪਰਵਾਰ ਤਾਂ ਭੈਣੀ ਸਾਹਿਬ ਹੀ ਹੈ। ਮੈਂ ਫਿਰ ਟਕੋਰਿਆ : ਤਾਂ ਹੀ ਸਹੁਰਿਆਂ ਦਾ ਸੁਖ ਹੋਰ ਲਗਦਾ ਹੈ। ਉਹ ਹੱਸ ਪਿਆ : ਨਹੀਂ, ਏਹ ਗੱਲ ਨਹੀਂ ਕਿ ਮੇਰੇ ਮਨ ਵਿਚ ਸਹੁਰਿਆਂ ਦਾ ਸ਼ੋਕ ਜਾਂ ਚਾਉ ਨਹੀਂ। ਸਗੋਂ ਅਸਲ ਗੱਲ ਇਹ ਹੈ ਕਿ ਅਜੇ ਤਾਂ ਮੈਨੂੰ ਸਚੇ ਮਨੋਂ ਸਤਿਗੁਰੂ ਜੀ ਦੀ ਸੇਵਾ ਦਾ ਸੁਖ ਸਤਵੱਤਮ ਜਾਪਦਾ ਹੈ, ਕਲ੍ਹ ਦਾ ਪਤਾ ਨਹੀਂ।

ਗੱਲਬਾਤ ਤੋਂ ਇਹ ਵੀ ਪਤ ਲਗਾ ਕਿ ਲੋੜੀਂਦੀਆਂ ਦਾਲਾਂ ਅਤੇ ਚਾਵਲ ਆਦਿ ਖੰਬਈ ਵਾਸਤੇ ਏਥੋਂ ਹੀ ਖਰੀਦ ਕੇ ਨਾਲ ਲਏ ਗਏ ਹਨ।

ਸੰਤ ਤ੍ਰਿਲੋਕ ਸਿੰਘ ਆਪਣੀ ਕੋਠੀ ਵਿਚ ਕੋਈ ਨਾ ਕੋਈ ਉਥੱਲ ਪੁਥੱਲ ਕਰਦੇ ਰਹਿੰਦੇ ਹਨ। ਕੱਲ੍ਹ ਦਾ ਵੇਖ ਰਿਹਾ ਹਾਂ ਕਿ ਪਡਮੀ ਬਾਹੀ, ਕੋਠੀ ਦੀ ਛੱਤ ਉਤੇ, ਜਿਥੇ ਕਿਤੇ ਕਪੜੇ ਸੁਕਣੇ ਪਾਣ ਹਿਤ ਡੋਰੀਆਂ ਬੱਝੀਆਂ ਹੁੰਦੀਆਂ ਸਨ, ਅਜ ਉਸ ਤੇ ਉਸਾਰੀ ਜ਼ਾਰੀ ਹੈ ਅਤੇ ਨ੍ਹੂਹੇ ਬਾਰੀਆਂ ਫਿਟ ਕੀਤੇ ਜਾ ਰਹੇ ਹਨ। ਇਸ ਕੋਠੀ ਦਾ ਬਹੁਤਾ ਹਿਸਾ ਸਾਧ ਸੰਗਤ ਦੇ ਹੀ ਕੰਮ ਆਉਂਦਾ ਹੈ, ਜਿਵੇਂ ਅੱਜ ੩੦-੪੦ ਸਰੋਹ ਏਥੇ ਮੰਜਿਆਂ-ਪਲੰਘਾਂ ਤੇ ਆਰਾਮ ਕਰ ਰਹੇ ਹਨ।

ਫਰਵਰੀ ਦੇ ਮਹੀਨੇ

ਸ: ਸੁਰਿੰਦਰ ਸਿੰਘ ਮਨਚੰਦਾ ਨੇ ਫਰਵਰੀ ਮਹੀਨੇ ਥਾਈਲੈਂਡ ਵਿਚ ਡਾ: ਸੁਚਾਟ ਦੇ ਮੰਦਰ ਵਿਚ ਪਧਾਰਨ ਸਮੇਂ ਦੇ ਸਤਿਗੁਰੂ ਜੀ ਬਾਰੇ ਕੁਛ ਨੋਟ ਲੈ ਰਖੇ ਹਨ, ਸਤਿਗੁਰੂ ਜੀ ਬੈਠਣ ਕਮਰੇ ਵਿਚ ਬਚਿਆਂ ਨੂੰ ਸ਼ਬਦ ਸਿਖਾ ਅਤੇ ਸੁਣ ਰਹੇ ਸਨ, ਮੈਂ (ਅਤੇ ਮਨਚੰਦਾ) ਉਨ੍ਹਾਂ ਦੇ ਆਰਾਮ ਕਮਰੇ ਦੀ ਟਿਕਾਂਤ ਦਾ ਲਾਭ ਉਠਾਂਦਿਆਂ ਉਸ ਦੇ ਲਏ ਹੋਏ ਨੋਟ ਏਥੇ ਲਿਖਦਾ ਹਾਂ :

ਸ੍ਰੀ ਸਤਿਗੁਰੂ ਜੀ, ਮਾਤਾ ਜੀ, ਸੰਤ ਪੂਰਬਾ ਅਤੇ ਸ: ਮਨਚੰਦਾ ਨੇ ੧੬.੨.੭੮ ਨੂੰ ਸਵੇਰੇ ੧੦ ੪੦ ਵਜੇ ਲੁਫਥੰਸਾ ਜਹਾਜ਼ ਤੇ ਪਾਲਮ ਏਅਰਪੋਰਟ ਤੋਂ ਥਾਈਲੈਂਡ ਵਾਸਤੇ ਪ੍ਰਸਥਾਨ ਕੀਤਾ। ਦੋ ਵਜੇ ਜਦੋਂ ਕਿ ਥਾਈਲੈਂਡ ਦੇ ੩.੩੦ ਵਜੇ ਹੋਏ ਸਨ ਬੈਂਕੋਕ ਦੀ ਭੂਆਨ ਮੋਂਗ ਏਅਰ ਪੋਰਟ ਤੇ ਪੁਜੇ। ਸੇਠ ਤ੍ਰਿਲੋਕ ਸਿੰਘ ਦੇ ਬੰਗਲੇ ਵਿਚ ਡੇਰਾ ਕਰਕੇ, ਪ੍ਰਸ਼ਾਦ ਛਕ, ਸੁਆਗਤੀ ਦੀਵਾਨ ਵਿਚ ਸੋਦਿ ਅਸ਼ੋਕ ਨਾਮਧਾਰੀ ਧਰਮਸਾਲਾ ਵਿਚ ਸੰਗਤ ਨੂੰ ਦਰਸ਼ਨ ਦਿਤੇ।

ਜਿੰਨੇ ਦਿਨ ਸਤਿਗੁਰੂ ਜੀ ਥਾਈਲੈਂਡ ਵਿਚ ਰਹੇ ਸਵੇਰੇ ਆਸਾ ਦੀ ਵਾਰ, ਸ਼ਾਮ ਨੂੰ ੫ ਤੋਂ ੬ ਨਾਮ ਸਿਮਰਨ ਅਤੇ ੬ ਤੋਂ ੭ ਤਕ ਕੀਰਤਨ ਹੁੰਦਾ ਰਿਹਾ। ਸਤਿਗੁਰੂ ਜੀ ਦਾ ਰੋਜ਼ਾਨਾ ਪਰੋਗਰਾਮ ਲਗਭਗ ਇਸ ਪ੍ਰਕਾਰ ਸੀ : ਅੰਮ੍ਰਿਤ ਵੇਲੇ ੩ ਤੋਂ ੭ ਵਜੇ ਤਕ ਆਸ਼ਾ ਦੀ ਵਾਰ, ਉਪਰੰਤ ਕੁਛ ਜਲਪਾਨ ਕਰ ਕੇ ਸਾਧ ਸੰਗਤ ਦੀ ਬੇਨਤੀ ਅਨੁਸਾਰ ਘਰੀਂ ਚਰਨ ਪਾਉਣੇ ! ੧੧ ਜਾਂ ੧੨ ਵਜੇ ਇਸ਼ਨਾਨ ਕਰਕੇ ਪ੍ਰਸ਼ਾਦ ਛਕ ਥੋੜ੍ਹਾ ਸਮਾਂ ਆਰਾਮ। ਫਿਰ ੨ ਤੋਂ ੬ ਵਜੇ ਤਕ ਵਿਸ਼ੇਸ਼ ਮਿਲਣੀਆਂ ਜਾਂ ਸੰਗਤ ਦੇ ਮਸਲਿਆਂ ਤੇ ਵਿਚਾਰਾਂ ਉਪਰੰਤ ਨਾਮ ਸਿਮਰਨ ਅਤੇ ਕੀਰਤਨ ਦੀਵਾਨ। ਬਾਅਦ ਵਿਚ ਕਦੇ ਕਦੇ ਚਰਨ ਪਾਉਣ ਦਾ ਪ੍ਰੋਗਰਾਮ।

੧੮ ੨.੭੮ ਨੂੰ ਦੇਰ ਦੀ ਖਰਾਬੀ ਕਾਰਨ, ਪ੍ਰਧਾਨ ਜਸਪਾਲ ਸਿੰਘ, ਸੇਠ ਵਿਜੇਂਦਰ ਸਿੰਘ, ਸ: ਮਨਚੰਦਾ ਅਤੇ ਸੇਠ ਬਹਾਦਰ ਸਿੰਘ, ਸਤਿਗੁਰੂ ਜੀ ਨਾਲ ਇਕ ਥਾਈਂ ਡਾਕਟਰ ਪਾਸ ਗਏ। ਸੰਤ ਪੂਰਬਾ ਵੀ ਨਾਲ ਸੀ। ਸਤਿਗੁਰੂ ਜੀ ਡਾਕਟਰ ਤੋਂ ਵਿਹਲੇ ਹੋ ਕੇ ਡੇਰੇ ਆ ਕੇ ਸ: ਮਨਚੰਦਾ ਅਤੇ ਸੇਠ ਬਖਸ਼ੀਸ਼ ਸਿੰਘ ਤੋਂ ਅੰਮ੍ਰਿਤ ਛਕਿਆ ਅਤੇ ਫਿਰ ਮਰਿਆਦਾ ਅਨੁਸਾਰ ਜੀਵਨ ਥਾਪਨ ਕੀਤਾ।

੧੯.੨.੭੮ ਨੂੰ ਹਿਜ਼ ਔਕਸੀਲੈਂਸੀ ਡਾ: ਸੁਚਾਟ ਦੀ ਸ਼ਾਕਾਹਰ ਕਾਲੋਨੀ, ਜਿਸ ਦਾ ਨਾਮ 'ਰਾਟ ਬੁਰੀ' ਹੈ, ਵਾਸਤੇ ਬੈਂਕੋਕ ਤੋਂ ਚਲੇ, ਇਹ ਬੈਂਕੋਕ ਤੋਂ ੧੦੦ ਕਿਲੋ-ਮੀਟਰ ਦੇ ਫਾਸਲੇ ਉਤੇ ਹੈ। ਸ੍ਰੀ ਸਤਿਗੁਰੂ ਜੀ ਦੀ ਕਾਰ ਅਗੇ ਲੈਫਟੀਨੈਂਟ ਨਰਨਲ ਪੁਲਿਸ ਅਤੇ ੪ ਸਿਪਾਹੀ ਹੋਰ ਸਨ, ਅਗੇ ਅਗੇ ਸਤਿਕਾਰ ਵਜੋਂ ਚਲਣ ਤੇ ਮਾਰਗ ਦਰਸ਼ਨ ਲਈ। ਇਸ ਕਾਰ ਵਿਚ ਜਿਸ ਨੂੰ ਸੇਠ ਬਖਸ਼ੀਸ਼ ਸਿੰਘ ਚਲਾ ਰਿਹਾ ਸੀ ਸ੍ਰੀ ਸਤਿਗੁਰੂ ਜੀ, ਸੇਠ ਜੀ, ਪੂਰਬਾ ਜੀ ਅਤੇ ਸ: ਮਨਚੰਦਾ ਰਾਟ ਬੁਰੀ ਪਹੁੰਚੇ। ਬਾਰਾਂ ਕਾਰਾਂ ਦਾ ਕਾਫਲਾ ਹੋਰ ਨਾਲ ਸੀ। ੮.੪੦ ਵਜੇ ਦੇ ਚਲੇ ਹੋਏ ੧੦.੦੪ ਤੇ ਸ਼ਾਕਾਹਾਰੀ ਕਾਲੋਨੀ ਵਿਚ ਪਹੁੰਚੇ। ਇਹਨਾਂ ਤੇਰਾਂ ਕਾਰਾਂ ਦੇ

Sri Satguru Jagjit Singh Ji Elibrary NamdhariElibrary@gmail.com

ਪਿਛੇ ਫੇਰ ਪੁਲਿਸ ਦੀ ਕਾਰ ਸੀ। ਪੁਲਿਸ ਵਾਲੇ ਹਿਜ਼ ਐਕਸੀਲੈਂਟੀ ਡਾ: ਸੁਚਾਟ ਨੂੰ ਪ-ਪ ਮਿੰਟ ਬਾਅਦ ਸੂਚਨਾ ਦੇ ਰਹੇ ਸਨ ਕਿ ਹੁਣ ਸਤਿਗੁਰੂ ਜੀ ਕਿਥੇ ਕੁ ਪਹੁੰਚ ਚੁਕੇ ਹਨ।

ਹਾਟਖੁਰੀ ਪਹੁੰਚਿਆਂ ਹਿਜ਼ ਐਕਸੀਲੈਂਸੀ ਡਾ: ਸੁਚਾਟ ਨੇ ਸਤਿਗੁਰੂ ਜੀ ਦਾ ਫ਼ਰਪੂਰ ਸੁਆਗਤ ਕੀਤਾ। ਜਿਥੇ 'ਜੀ ਆਇਆਂ' ਕਹਿਣ ਦਾ ਵਿਸ਼ੇਸ਼ ਪ੍ਰਬੰਧ ਸੀ ਉਥੇ ਸਾਧੂ ਜਨਾਂ ਦੇ ਆਸਣਾਂ ਤੋਂ ਡੇਢ ਫੁਟ ਉੱਚੀ ਜਗਹ ਉਤੇ ਇਕ ਸ਼ਾਹੀ ਕੁਰਸੀ ਤੇ ਬੈਠਾ ਕੇ ਡਾ: ਸੁਚਾਟ ਨੇ ਆਪ ਦਾ ਆਦਰ ਭਾਉ ਕੀਤਾ। ਉਤਰ ਵਿਚ ਸਤਿਗੁਰੂ ਜੀ ਨੇ ਪੰਜਾਬੀ ਵਿਚ ਆਸ਼ੀਰਵਾਦ ਬਖਸ਼ੀ ਜਿਸ ਦਾ ਬਾਦੀ ਅਨੁਵਾਦ ਸੇਠ ਤ੍ਰਿਲੋਕ ਸਿੰਘ ਨੇ ਕੀਤਾ।

ਏਥੋਂ ਉਠ ਸਤਿਗੁਰੂ ਜੀ ਨੇ ਨਾਮਧਾਰੀ ਸ਼ਾਕਾਹਾਰੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਪੂਰੀ ਪ੍ਰਦਰਸ਼ਨੀ ਦਾ ਆਪ ਅਵਲੋਕਨ ਕਰ ਸਤਿਗੁਰੂ ਉਸ ਵਿਸ਼ੇਸ਼ ਦੀਵਾਨ ਵਿਚ ਪਧਾਰੇ ਜਿਥੇ ਛੇ ਅਨੰਦ ਕਾਰਜ਼ ਨਾਮਧਾਰੀ ਰਹੁਰੀਤ ਨਾਲ ਕੀਤੇ ਜਾਣੇ ਸਨ। ਇਸ ਸਮੇਂ ਹੋਏ ਕੀਰਤਨ ਵਿਚ ਸਤਿਗੁਰੂ ਜੀ ਨੇ ਆਪ ਟਿਕ ਸ਼ਬਦ ਪੜ੍ਹਿਆ : ਧੀਰਉ ਦੇਖਿ ਤੁਮਾਰੇ ਰੰਗਾ !

੧੧.੫੮ ਵਜੇ ਅਨੰਦ ਕਾਰਜਾਂ ਦੀ ਰਸਮ ਪ੍ਰਵਾਨ ਚੜ੍ਹੀ। ਸੂਬਾ ਕ੍ਰਿਪਾਲ ਸਿੰਘ ਮਨਚੰਦਾ ਨੂੰ ਹੁਕਮ ਦੇ ਕੇ ਪੰਜ ਲੜਕਿਆਂ ਨੂੰ ਦਸਤਾਰਾਂ ਸਜਾਈਆਂ ਗਈਆਂ। ਸ੍ਰੀ ਸਤਿਗੁਰੂ ਜੀ ਨੇ ਸਵੈ ਹਸਤ ਕਮਲਾਂ ਨਾਲ ਸੇਠ ਜਸਪਾਲ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਦੇ ਲੜਕੇ ਨੂੰ ਦਸਤਾਰ ਬੰਨ੍ਹ ਕੇ ਨਿਵਾਜਿਆ। ਇਸ ਅਵਸਰ ਤੇ ੧੪ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ੧੨.੩੦ ਵਜੇ ਤਕ ਸਮਾਗਮ ਦੀ ਸਮਾਪਤੀ ਹੋ ਗਈ।

ਏਥੇ ਹੀ ਪੰਜ ਮਿੰਟ ਪਹਿਲਾਂ ਡਾਕਟਰ ਸੁਚਾਟ ਨੂੰ ਉਹਦੇ ਸੁਜਤਨਾਂ ਬਾਰੇ, ਨਾਮਧਾਰੀ ਸੰਗਤ ਵਲੋਂ, ਪ੍ਰਧਾਨ ਜਸਪਾਲ ਸਿੰਘ ਨੇ ਇਕ ਲੱਖ ਇਕ ਹਜ਼ਾਰ ਟਿਕਲ (ਥਾਈ ਸਿਕਾ) ਭੇਟਾ ਕੀਤਾ।

ਏਥੇ ਹੀ ਸਾਬਕਾ ਥਾਈ ਸਰਕਾਰ ਦੇ ਪ੍ਰਧਾਨ ਮੰਤਰੀ ਸ੍ਰੀ ਪ੍ਰਾਫਾਟ ਨੇ ਸਮੇਤ ਪਰਵਾਰ, ਸੇਠ ਤ੍ਰਿਲੋਕ ਸਿੰਘ ਨੂੰ ਨਾਲ ਲੈ ਕੇ ਸ੍ਰੀ ਸਤਿਗੁਰੂ ਜੀ ਨੂੰ ਆ ਕੇ ਨਮਸਕਾਰ ਕੀਤੀ। ਉਸ ਦੀ ਪਤਨੀ ਨੇ ਇਹ ਅਰਦਾਸ ਕਰਵਾਣ ਦੀ ਬੇਨਤੀ ਕੀਤੀ ਕਿ ਸਤਿਗੁਰੂ ਜਾ ਉਸ ਦੇ ਪਤੀ ਨੂੰ ਮੁੜ ਪ੍ਰਧਾਨ ਮੰਤਰੀ ਬਨਾਣ ਦੀ ਕ੍ਰਿਪਾ ਕਰਨ।

ਅਰਦਾਸ ਸਮੇਂ ਸਾਰੇ ਧਰਮਾਂ ਦੇ ਮੁਖੀ ਅਤੇ ਸਰਕਾਰੀ ਪਦਵੀ ਧਾਰੀ ਸਾਧਾਰਨ ਪੱਧਰ ਤੇ ਹੱਥ ਜੋੜ ਕੇ ਖਲੋਤੇ। ਸ੍ਰੀ ਸਤਿਗੁਰੂ ਜੀ ਆਪਣੇ ਆਸਣ ਤੇ ਹੀ ਖੜੇ ਹੋਏ।

ਉਪਰੋਕਤ ਸਾਰੇ ਪ੍ਰੋਗਰਾਮ ਤੋਂ ਬਾਅਦ ਸਤਿਗੁਰੂ ਜੀ ਨੂੰ ਸਾਦਰ ਵਿਸ਼ੇਸ਼ ਨਿਵਾਸ ਸਥਾਨ ਤੇ ਲੈ ਆਂਦਾ ਗਿਆ। ਇਹ ਸਥਾਨ ਡਾ: ਸੁਚਾਟ ਦੇ ਆਪਣੇ ਦਫਤਰ ਨੂੰ ਛੱਡ ਅਨੁਸਾਰ ਢਾਲ ਕੇ ਤਿਆਰ ਕੀਤਾ ਗਿਆ ਸੀ।

ਫਿਰ ਰੋਜ਼ ਵਾਂਗ ੩ ਤੋਂ ੪ ਤਕ ਨਾਮ ਸਿਮਰਨ ਅਤੇ ੪ ਤੋਂ ੫ ਤਕ ਕੀਰਤਨ ਹੋ ਕੇ, ਅਰਦਾਸ ਨਾਲ ਦੀਵਾਨ ਦੀ ਸਮਾਪਤੀ ਕੀਤੀ ਗਈ। ਅਰਦਾਸ ਸਦਾ ਹੀ ਸੰਤ ਮਹਿੰਦਰ ਸਿੰਘ ਪੂਹਬਾ ਦੁਆਰਾ ਹੁੰਦੀ ਰਹੀ।

ਸ਼ਾਮੀ ਜਲਪਾਨ ਕਰਕੇ ੫.੨੮ ਵਜੇ ਸ੍ਰੀ ਸਤਿਗੁਰੂ ਜੀ ਡਾਕਟਰ ਸੁਚਾਟ ਨਾਲ ਹੀ ਉਸ ਦੇ ਨਿਜੀ ਮੰਦਰ ਵਿਚ ਪਧਾਰੇ। ੧੫-੨੦ ਨੌਜੁਆਨ ਹੋਰ ਵੀ ਨਾਲ ਸਨ। ੨੦-੨੫ ਮਿੰਟਾਂ ਵਿਚ ਉਸ ਦੀ ਉੱਚਾਈ ਆਬੂਰ ਕੀਤੀ। ਥੋੜ੍ਹਾ ਸਮਾਂ ਮੰਦਰ ਵਿਚ ਦਰਸ਼ਨ ਦੇ ਕੇ ਵਾਪਸੀ ਉਤਰਾਈ ਲਈ। ਇਸ ਸਾਰੀ ਯਾਤਰਾ ਨੂੰ ਵਾਇਰਲੈਸ ਤੇ ਲਾਊਡ ਸਪੀਕਰਾਂ ਨਾਲ ਆਮ ਲੋਕਾਂ ਦੀ ਜਾਣਕਾਰੀ ਲਈ ਮਿੰਟ ਮਿੰਟ ਬਾਅਦ ਪਰਸਾਰਤ ਕੀਤਾ ਜਾਂਦਾ ਰਿਹਾ। ੬ ਵਜੇ ਤਕ ਸਤਿਗੁਰੂ ਜੀ ਪੌੜੀਆਂ ਦੇ ਹਸਤੋ ਹੇਠਾਂ ਉਤਰ ਆਏ। ਇਹਨਾਂ ਪੌੜੀਆਂ ਦੀ ਗਿਣਤੀ ੩੫੦ ਹੈ।

ਖਾਸ ਗੱਲ ਇਹ ਹੈ ਕਿ ਇਸ ਮੰਦਰ ਵਿਚ ਹਿਜ਼ ਐਕਸੀਲੈਂਸੀ ਡਾ: ਸੁਚਾਟ ਤੋਂ ਬਿਨਾ ਕਦੇ ਕੋਈ ਦਾਖਲ ਨਹੀਂ ਹੋਇਆ। ਕਿਸੇ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ, ਕੇਵਲ ਸਤਿਗੁਰੂ ਜੀ ਹੀ ਉਹ ਦੂਸਰੇ ਵਿਅਕਤੀ ਹਨ ਜਿਹੜੇ ਇਸ ਮੰਦਰ ਵਿਚ ਪ੍ਰਵੇਸ਼ ਹੋਏ। ਮੰਦਰ ਇਕ ਪਹਾੜੀ ਚਟਾਨ ਦੀ ਚੋਟੀ ਉਤੇ ਹੈ।

ਮੰਦਰੋਂ ਵਾਪਸ ਆ ਕੇ, ਜਲਪਾਨ ਕਰ ਸ੍ਰੀ ਸਤਿਗੁਰੂ ਜੀ ਦੁਬਾਰਾ ੮ ਵਜੇ ਰਾਤੀਂ ਉਸ ਪਹਾੜੀ ਤੇ ਚੜ੍ਹੇ। ਇਸ ਸਮੇਂ ਸੇਠ ਤ੍ਰਿਲੋਕ ਸਿੰਘ, ਇਹਨਾਂ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਅਤੇ ਜੇਠਾ ਪੁਤਰ ਬਖਸ਼ੀਸ਼ ਸਿੰਘ ਵੀ ਇਸ

Sri Satguru Jagjit Singh Ji Elibrary NamdhariElibrary@gmail.com

ਉਚਾਈ ਤੇ ਪਹੁੰਚ ਗਏ । ਜਿਥੇ ਸ੍ਰੀ ਸਤਿਗੁਰੂ ਜੀ ਵੀ ਪਹੁੰਚ ਰਹੇ ਸਨ ।

ਡਾ: ਸੁਚਾਟ ਦੀ ਇਸ ਕਾਲੋਨੀ ਦਾ ਅੰਗਰੇਜ਼ੀ ਵਿਚ ਨਾਮ ਹੈ : ਦੀ ਰਿਲੀਜਸ ਲੈਂਡ ਹੂਫਾ ਸਵੈਨ (The Religious Land Hoofa Sawan) । ਸਤਿਗੁਰੂ ਜੀ ਦੇ ਸੁਆਗਤ ਸਤਿਕਾਰ ਵਿਚ ਜਿਸ ਇਸਾਈ ਪ੍ਰਤਿਨਿਧ ਨੇ ਹਿੱਸਾ ਲਿਆ ਉਹ (ਮੋਸਟ ਰੈਵਰੈਂਡ) ਪੀਟਰ ਮਿ: ਕੈਰੇਟੋ ਐਸ.ਡੀ.ਬੀ. (ਸੂਰਾਟ ਥਾਨੀ) ਸੀ ।

ਬੇਦੀ ਸਾਹਿਬ ਦਾ ਆਉਣਾ

ਮੈਂ ਸ: ਸੁਰਿੰਦਰ ਸਿੰਘ ਮਨਚੰਦਾ ਤੋਂ ਨੋਟ ਲੈ ਕੇ ਜਦੋਂ ਬੈਠਣ ਕਮਰੇ ਵਿਚ ਆਇਆ । ਏਥੇ ਸਤਿਗੁਰੂ ਜੀ ਜਿਉਂ ਕੇ ਤਿਉਂ ਬੈਠ ਕੇ ਬਚਿਆਂ ਨੂੰ ਸੰਗੀਤ ਦਾ ਰਿਆਜ਼ ਕਰਵਾ ਰਹੇ ਮਨ ੪ ਵਜ ਚੁਕੇ ਸਨ । ਸ੍ਰੀ ਸਰਿੰਦਰ ਸਿੰਘ ਸੁਮਨ ਆਪਣੇ ਉਸਤਾਦ ਸ੍ਰੀ ਦਲੀਪ ਚੰਦ ਬੇਦੀ ਜੀ ਨੂੰ ਨਾਲ ਲੈ ਕੇ ਆ ਗਿਆ । ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਦਿਕ ਗੰਭੀਰ ਰਾਗ ਸਭਾ ਜਾਰੀ ਹੋਈ ।

ਵੱਡਾ ਲੜਕਾ (ਬਲਜੀਤ ਸਿੰਘ) ਜੋ ਬੇਨਤੀਆਂ ਕਰਨ ਪਿਛੋਂ ਲੜਕੀਆਂ ਤੋਂ ਬਾਅਦ ਜਨਮਿਆ ਸੰਗੀਤ ਵਾਸਤੇ ਗੁਰੂ ਘਰ ਨੂੰ ਭੇਟ ਕਰ ਦਿਤਾ । ਸਤਿਗੁਰਾਂ ਹੋਰ ਕ੍ਰਿਪਾ ਕਰ ਦਿਤੀ, ਇਹ ਛੋਟਾ ਆ ਗਿਆ ਹੈ ਗੁਰਮੀਤ ਸਿੰਘ, ਸਤਿਗੁਰੂ ਜੀ ਨੇ ਅਵਤਾਰ ਸਿੰਘ ਅਮ੍ਰਤਸਰੀ ਨੂੰ ਉਚੇਚਾ ਬੁਲਵਾ ਕੇ ਛੋਟੇ ਬੱਚੇ ਗੁਰਮੀਤ ਸਿੰਘ ਦਾ ਕੀਰਤਨ ਸੁਣਵਾਇਆ ।

ਜਥੇਦਾਰ ਮੇਲਾ ਸਿੰਘ ਉਠ ਕੇ ਜਾਣ ਲਗਾ ।

'ਕਿਥੇ ਚਲੇ ਓ ?' ਸਤਿਗੁਰਾਂ ਪੁਛਿਆ ।

'ਕਰਨਾਲ, ਜੀ ।'

'ਉਥੇ ਕੋਈ ਪਰੇਸ਼ਾਨੀ ਤਾਂ ਨਹੀਂ ਹੋਵੇਗੀ ? ਇਸ ਗੱਲ ਦਾ ਧਿਆਨ ਰਖਣਾ ।' ਤੇ ਉਹ ਚਲਾ ਗਿਆ ।

੯.੩੦ ਵਜੇ ਬਚਿਆਂ ਤੋਂ ਆਪ ਸ੍ਰੀ ਸਤਿਗੁਰੂ ਜੀ ਨੇ ਬਸੰਤ ਦੀ ਵਾਰ ਦਾ ਸ਼ੁਧ ਪਾਠ ਸੁਣਿਆਂ ਤੇ ਔਕੜ, ਸਿਹਾਰੀ ਲਾਂਵ, ਦੁਲਾਂਵ ਦੇ ਭੇਦ ਨੂੰ ਬਚਿਆਂ ਦੇ ਹਿਰਦੇ ਅੰਗਮ ਕੀਤਾ ।

ਪੌਣੇ ੧੦ ਵਜੇ ਧਮਾਰ ਸ਼ੁਰੂ ਹੋ ਗਈ, ਆਇ ਗਈ ਸਭ ਖਲੇਤ ਹੋਰੀ ।

ਮਨੋਹਰ ਸਿੰਘ ਨੇ ਅਰਜ਼ ਕੀਤੀ : ਮੈਨੂੰ ਜਾਣ ਦੀ ਆਗਿਆ ਦਿਓ ਤੇ ਕ੍ਰਿਪਾ ਕਰੋ ਬਾਰਸ਼ਾਂ ਰੁਕਣ ਅਤੇ ਭਠਿਆਂ ਦਾ ਕੰਮ ਚਾਲੂ ਹੋਵੇ । ਸਤਿਗੁਰੂ ਜੀ ਨੇ ਫਰਮਾਇਆ : ਮੇਰੇ ਵੱਸ ਤਾਂ ਨਹੀਂ ਵਰਖਾ ਪਰ ਸਤਿਗੁਰੂ ਕ੍ਰਿਪਾ ਕਰਨਗੇ ।

ਗੁਰਮੀਤ ਦੀ ਵੀਡੀਓ ਲਈਏ--

ਬਲਜੀਤ ਸਿੰਘ ਦਾ ਛੋਟਾ ਭਾਈ ਗੁਰਮੀਤ ਆਪਣੇ ਡਬਿਆਂ ਤੇ ਨਿੱਕੇ ਨਿੱਕੇ ਹੱਥ ਮਾਰਦਾ ਲੈਅਕਾਰੀ ਕਰ ਰਿਹਾ ਹੈ ਜਦੋਂ ਕਿ ਪਿੰਕੀ ਧਮਾਰ ਵਜਾ ਰਿਹਾ ਹੈ ਸਤਿਗੁਰੂ ਜੀ ਨਾਲ । ਸਤਿਗੁਰੂ ਜੀ ਨੇ ਉਸਤਾਦ ਹਰਭਜਨ ਸਿੰਘ ਨੂੰ ਚੇਤੇ ਰਖਣ ਲਈ ਕਿਹਾ । ਆਪਣੇ ਵੀਡੀਓ ਉਤੇ ਇਸ ਦੀ (ਪੁਛਣ ਤੇ ਪਤਾ ਲਗਾ ਬੱਚਾ ਪੌਣੇ ਤਿੰਨ ਸਾਲ ਦਾ ਹੈ) ਫੋਟੋ ਲੈ ਕੇ ਸੰਭਾਲ ਰਖੀਏ, ਵੱਡਾ ਹੋਣ ਤੇ ਵਖਾਵਾਂਗੇ । ਹੁਕਮ ਹੋਇਆ : ਗਿਆਨੀ ਜਸਵੰਤ ਸਿੰਘ ਨੂੰ ਦਿੱਲੀ ਫੋਨ ਕਰ ਦਿਓ, ਵੀਡੀਓ ਲੈ ਕੇ ਆਵੇ ।

ਹੋਲੀ ਦੀ ਤਿਆਰੀ --

'ਆਇ ਗਈ ਸਭ ਖੇਲਤ ਹੋਰੀ' ਧਮਾਰ ਗਾਉਂਦਿਆਂ ਸਤਿਗੁਰਾਂ ਹਰਭਜਨ ਸਿੰਘ ਨੂੰ ਆਖਿਆ—ਬਿਰਜੂ ਮਹਾਰਾਜ ਦੀ ਜ਼ਰੂਰਤ ਪੁਛ ਲਈਏ, ਉਸ ਦੀ ਲੋੜ ਅਨੁਸਾਰ ਲੈਅ ਵਿਚ ਵਾਧਾ ਘਾਟਾ ਕੀਤਾ ਜਾ ਸਕਦਾ ਹੈ ।

ਏਸ ਅਵਸਰ ਤੇ ਸੰਤ ਗੁਰਚਰਨ ਸਿੰਘ ਮੰਡੀ, ਸੂਬਾ ਗੰਡਾ ਸਿੰਘ ਜੀ ਦਿੱਲੀ ਅਤੇ ਸੰਤ ਕਿਰਪਾਲ ਸਿੰਘ ਝੱਬਰ ਵੀ ਕੋਲ ਆਣ ਬੈਠੇ ।

ਸਤਿਗੁਰੂ ਜੀ ਨੇ ਅਗਲਾ ਸ਼ਬਦ ਸ਼ੁਰੂ ਕਰਨ ਤੋਂ ਪਹਿਲੋਂ ਬਚਿਆਂ ਦੇ ਗਲੋਂ ਸਵੈਟਰ ਲੁਹਾ ਦਿਤੇ । ਵਚਨ ਕੀਤਾ : ਧਰਤੀ, ਪਉਣ, ਪਾਣੀ ਅਤੇ ਆਕਾਸ਼ ਦੀ ਜਿੰਨੀ ਵਰਤੋਂ ਕਰੀਏ ਓਨਾ ਹੀ ਸਰੀਰ ਰੋਗ ਰਹਿਤ ਹੁੰਦਾ ਜਾਂਦਾ ਹੈ । ਤੁਸੀਂ ਬੱਚੇ ਹੋ, ਇਸ ਮਹੀਨੇ ਵਿਚ ਵੀ ਪੌਣੇ ਦਸ ਵਜੇ ਤਕ ਤੁਹਾਡੇ ਗਲ ਸਵੈਟਰ ਹੋਣੇ ਸਰੀਰ ਦੀ ਸਹਿਣ ਸ਼ਕਤੀ ਨੂੰ ਕਮਜ਼ੋਰ ਕਰਨਗੇ ।

ਸਤਿਗੁਰੂ ਜੀ ਤਾਂ ੮.੩੦ ਵਜਦੇ ਹੀ ਸਵੈਟਰ ਲਾਹ ਖੱਦਰ ਦੇ ਬਸਤਰਾਂ ਵਿਚ ਹੀ ਸ਼ੋਭਤ ਸਨ ।

ਸੰਤ ਮਹਿੰਦਰ ਸਿੰਘ ਪੂਣਬਾ ਹਥੀਂ ਦਸਮ ਗ੍ਰੰਥ ਦੀ ਇਕ ਸੋਂਚੀ ਮੰਗਵਾਈ ਗਈ ।

੧੦ ੧੫ ਵਜੇ ਸਤਿਗੁਰਾਂ ਨੇ ਸੰਤ ਖਜ਼ਾਨ ਸਿੰਘ ਰਾਮੀ, ਝਾਈ ਨਿਹਾਲ ਸਿੰਘ ਜੋੜੀ ਵਾਲੇ ਨੂੰ ਬੁਲਵਾਕੇ ਫਿਰ

Sri Satguru Jagjit Singh Ji Elibrary NamdhariElibrary@gmail.com

ਗੁਰਮੀਤ ਦੇ ਡੱਬੇ ਅਤੇ ਸੰਗੀਤ-ਸ਼ਬਦ ਸੁਣਵਾਏ। ਹੁਣ ਤਾਂ ਮੈਨੂੰ ਵੀ ਸ਼ਬਦ ਦੀ ਸਮਝ ਆ ਗਈ :

ਅਬ ਕਹੁ ਰਾਮ ਕਵਨ ਗਤਿ ਮੋਰੀ।

ਅਤੇ ਸਾਰੇ ਦਰਸ਼ਕ-ਸਰੋਤੇ ਬੱਚੇ ਦੀ ਏਸ ਉਮਰ ਵਿਚ ਪਕੜ ਅਤੇ ਚਿੱਤੈਨਤਾ ਤੇ ਮੁਗ਼ਧ ਹੋ ਰਹੇ ਸਨ।

ਸ੍ਰੀ ਦਲੀਪ ਸਿੰਘ ਨਿਰੀਖਿਅਕ' ਦੁਆਰਾ ਸੰਤ ਸਤਨਾਮ ਸਿੰਘ ਨੂੰ ਸਤਿਗੁਰੂ ਜੀ ਨੇ ਦਸਮ ਗ੍ਰੰਥ ਦੀ ਸੈਂਚੀ ਅਤੇ ਸਵੈ-ਲਿਖਤ ਸਵੱਯੇ ਅਤੇ ਸਫ਼ੇ ਦਸ ਕੇ ਪੂਰੇ-ਪੂਰੇ ਸਵੈਯੇ ਲਿਖ ਕੇ ਲਿਆਉਣ ਲਈ ਆਗਿਆ ਕੀਤੀ।

ਤੂੰ ਵੀ ਕਹਿੰਦਾ ਹੋਵੇਂਗਾ---

ਏਥੇ ਬੈਠਿਆਂ ਹੀ ਰਾਗੀ ਖਜ਼ਾਨ ਸਿੰਘ ਤੋਂ ਤਬਲਾ ਵਜਵਾ ਕੇ ਸੁਖਵਿੰਦਰ ਸਿੰਘ ਪਿੰਕੀ ਨੂੰ ਉਲਟੀਆਂ ਸਿੱਧੀਆਂ ਗਤਾਂ ਸਿਖਾਣ ਲਈ ਸ਼ਬਦ 'ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨ ਫਿਰਿ ਬਿਘਨੁ ਨ ਹੋਈ' ਤਾਲੀਆਂ ਮਾਰ ਮਾਰ ਕੇ ਆਪ ਸਾਥ ਦੇ ਸਮਝਾਇਆ। ਵਿਨੋਦ ਨਾਲ ਪਿੰਕੀ ਨੂੰ ਕਿਹਾ : 'ਵਜਾ ਖਾਂ, ਤੂੰ ਵੀ ਕਹਿੰਦਾ ਹੋਵੇਂਗਾ, ਮੈਂ ਕਿਸ਼ਨ ਮਹਾਰਾਜ ਤੋਂ ਤਬਲਾ ਸਿਖਦਾ ਹਾਂ।' ਪਰ ਉਹਦੇ ਅਜੇ ਜ਼ਿਹਨ ਵਿਚ ਨਹੀਂ ਆ ਰਿਹਾ ਸੀ।

ਅਵਤਾਰ ਸਿੰਘ : ਲਗਾਤਾਰ ਸੁਣਦਿਆਂ ਆ ਜਾਵੇਗਾ।

ਸਤਿਗੁਰੂ ਜੀ : ਚਲੋ, ਅਸੀਂ ਲਗ ਰਹਿੰਦੇ ਹਾਂ ਤਦ ਤਕ।

ਨਾਲ ਹੀ ਬੱਚਾ ਗੁਰਮੀਤ ਵੀ ਡੱਬੇ ਕ਼ਟ ਰਿਹਾ ਸੀ। ਬਲਜੀਤ ਸਿੰਘ ਨੂੰ ਸੱਚੇ ਪਾਤਸ਼ਾਹ ਹਸਦੇ ਹਸਦੇ ਕਿਹਾ : ਅੱਜ ਬਲਜੀਤ ਦਾ ਮੂੰਹ ਆਟੇ ਦਾ ਬਣਿਆ ਲਗਦਾ ਹੈ।

ਪਿੰਕੀ ਸੱਤ ਮਾਤਰਾਂ ਵਿਚ ਅੱਠ ਮਾਤਰਾਂ ਦਾ ਢਈਆ ਸਿਖ ਰਿਹਾ ਹੈ। ਸਤਿਗੁਰੂ ਜੀ ਨੇ ਕਾਫੀ ਸਮਾਂ ਆਪ ਜਾਉਂ ਕੇ ਫਿਰ ਹਰਭਜਨ ਸਿੰਘ ਨੂੰ ਹਾਰਮੋਨੀਅਮ ਤੇ. ਸਾਥ ਦੇਣ ਦੀ ਆਗਿਆ ਕੀਤੀ।

ਸ੍ਰੀ ਦਲੀਪ ਸਿੰਘ ਨਿਰੀਖਿਅਕ ਨੂੰ ਲੁਧਿਆਣੇ ਜਾ ਕੇ ਅੰਮ੍ਰਿਤਸਰ ਫੋਨ ਕਰਨ ਦਾ ਹੁਕਮ ਮਿਲਿਆ : ਕਲਿਆਣ ਸਿੰਘ ਪਾਸਪੋਰਟ ਅਤੇ ਸਾਜ਼ ਲੈ ਕੇ, ਏਥੇ, ਅਜੇ ਹੀ ਆਵੇ। ਡੇਹਰਾਦੂਨ ਨੂੰ ਵੀ ਫੋਨ ਕਰਨ ਦੀ ਆਗਿਆ ਹੋਈ ਕਿ ਉਹ ੯.੩੦ ਤੋਂ ੧੦.੩੦ ਵਿਚਾਲੇ ਤਿਆਰ ਰਹਿਣ।

ਪ੍ਰਸ਼ਾਦ ਪਾਣੀ ਲਈ ਪੁਛਿਆ ਤਾਂ ਸਤਿਗੁਰਾਂ ਬਚਨ ਕੀਤਾ : ਪ੍ਰਸ਼ਾਦ ਜਿਥੇ ਜੀ ਕੀਤਾ ਛਕ ਲਵਾਂਗੇ। ਉਹ ਤਾਂ ਬੱਸ, ਸਾਡੇ ਸਮੇਂ ਅਨੁਸਾਰ ਤਿਆਰ ਰਹਿਣ।

੧੦.੪੫ ਤਕ ਪਿੰਕੀ ਨੇ ਉਹ ਬੋਲ ਸਮਝ ਲਏ ਜੋ ਸੰਤ ਖਜ਼ਾਨ ਸਿੰਘ ਰਾਗੀ ਨੇ ਸਮਝਾਏ ਸਨ।

ਮਾਤਾ ਜੀ ਆਪ ਆਏ ਹਨ। ਸੰਤ ਕਿਰਪਾਲ ਸਿੰਘ ਝਬਰ ਨੂੰ ਉਨ੍ਹਾਂ ਕਿਹਾ ਹੈ : ਪ੍ਰਸ਼ਾਦ ਪਾਣੀ ਤਿਆਰ ਹੈ। ਇਸ਼ਨਾਨ ਦੀ ਤਿਆਰੀ ਕਰਵਾਓ। ਮਸਤਾਨੇ ਹਰਦੇਵ ਸਿੰਘ ਦੁਆਰਾ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਗਈ। ਸਤਿਗੁਰੂ ਜੀ ਬਚਨ ਕੀਤਾ : ਮੈਂ ਤਿਆਰ ਹਾਂ! ਪੂਰਬੇ ਨੂੰ ਬੁਲਵਾ ਲਓ।

ਫਿਰ ਰਾਗੀ ਜਥੇ ਨੂੰ ਦਸਿਆ ਕਿ ਬਲਜੀਤ ਨੂੰ ਸਵੇਰੇ ਭੈਰਵੀ ਦੇ ਸ਼ਬਦ ਦੀ ਚੌਥੀ ਸੁਰ ਪੰਗਤੀ ਨਹੀਂ ਆਈ। 'ਤਿਨ ਕੀ ਨਿੰਦਾ ਕੋਈ ਕਿਆ ਕਰੇ' ਨੂੰ ਚਾਰ ਵਾਰ ਵੱਖ-ਵੱਖ ਸੁਰਾਂ ਲਾ ਕੇ ਗਾਉਣ ਢੰਗ ਸਿਖਾਇਆ।

'ਕਵੀ' ਦੀ ਕਵਿਤਾ—

ਪਰਸੋਂ ਰਾਮ ਸਰ ਵਲੋਂ ਆਉਂਦਿਆਂ ੪੫ ਸਾਲ ਪਹਿਲਾਂ ਪੜੇ 'ਕਵੀ' (ਕਵੀ ਕੁਟੀਆ, ਕਲਕਤਾ, ਦਾ ਮਾਸਿਕ ਪੱਤਰ) ਦਾ ਇਕ ਕਵਿਤਾ-ਬੰਦ ਸੁਣਾਇਆ ਸੀ। ਮੈਂ ਅੱਜ ਉਹ ਦੁਬਾਰਾ ਸੁਣਨਾ ਚਾਹਿਆ ਤਾਂ ਆਪ ਨੇ ਦਸਿਆ : 'ਕਵੀ' ਦੀ ਇਕ ਜਿਲਦ ਸ੍ਰ: ਕੇਹਰ ਸਿੰਘ ਮਾਨ ਪਾਸੋਂ ਲੈ ਕੇ ਪੜ੍ਹੀ ਸੀ। ਉਸ ਦਾ ਇਕ ਬੰਦ ਏਨਾ ਪੁੜ ਗਿਆ ਕਿ ਅੱਜ ਵੀ ਯਾਦ ਹੈ :

ਨਿੱਕੇ ਹੁੰਦੇ ਖੇਡੀਆਂ ਖੇਡਾਂ
ਵੱਡੇ ਹੋਏ ਦੁਰਾਈਆਂ ਭੇੜਾਂ
ਕਵੀਆਂ ਵਿਚੋਂ ਕਵੀ ਮੈਂ ਕੇਡਾਂ
ਨਿਤ ਲੋਕੀਂ ਕਰਨ ਮੈਨੂੰ ਝੇਡਾਂ
ਹੁਣ ਤਾਂ ਰਹਿੰਦਾ ਇਹੋ ਵਿਹਾਰ।
ਇਸ ਜੀਵਨ ਦੀ ਅਜਬ ਬਹਾਰ।

੧੧ ਵਜੇ ਇਸ਼ਨਾਨ ਕਰਕੇ ਪ੍ਰਸ਼ਾਦਾ ਛਕਣ ਲਈ ਆਪ ਸਾਥੋਂ ਜੁਦਾ ਹੋਏ।

ਬੇਬੇ ਦਲੀਪ ਕੌਰ ਜੀ ਦਾ ਸੁਭਾਵ ਉਦਾਰ ਹੈ। ਜਿਹੜੇ ਜਿਹੜੇ ਸਿੱਖ ਇਨ੍ਹਾਂ ਦੇ ਸੰਪਰਕ ਵਿਚ ਆਏ ਹਨ ਉਹ ਤਾਰੀਫ ਕਰਦੇ ਹਨ। ਮੈਂ ਅੱਜ ਸਵੇਰੇ, ਕਲ੍ਹ ਵਾਂਗ ਹੀ, ਪ੍ਰਸ਼ਾਦ ਨਹੀਂ ਸੀ ਛਕਣਾ, ਦੁੱਧ ਦੇ ਗਲਾਸ ਲਈ ਉਨ੍ਹਾਂ ਨੂੰ

Sri Satguru Jagjit Singh Ji Elibrary NamdhariElibrary@gmail.com

ਆਖਿਆ। ਮੇਰੇ ਲਈ ਇਹ ਪ੍ਰਬੰਧ ਕਰਕੇ, ਇਕ ਚੀਥੀ ਨੂੰ ਭੇਜ ਪੁਛਿਆ : ਨਾਲ ਖਾਣ ਨੂੰ ਹੋਰ ਕੀ ਕੁਝ ਚਾਹੀਦਾ ਹੈ।

ਇਹ ਸਿਫਤ ਪ੍ਰਸੰਸਕਾਂ ਦੀ ਗਿਣਤੀ ਵਿਚ ਵਾਧਾ ਕਰੀ ਜਾਂਦੀ ਹੈ।

ਗੌਰ ਨਾਮਧਾਰੀ ਸਿੰਘਾਂ ਦੀ ਟਿਕ ਟਰਾਲੀ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਆਈ । ੩੦ ਕੁ ਜਣੇ ਹੋਣਗੇ। ਇਕ ਨਾਮਧਾਰੀ ਨੇ ਉਨ੍ਹਾਂ ਦੀ ਅਗਵਾਈ ਕੀਤੀ। ਸਭ ਇਤਿਹਾਸਕ ਥਾਵਾਂ ਦੇ ਦਰਸ਼ਨ ਕਰਵਾ ਕੇ ਲੰਗਰ ਪਾਣੀ ਛਕਾਇਆ ਅਤੇ ਪ੍ਰੇਮ ਪੂਰਵਕ ਵਿਦਾਈ ਦਿਤੀ ।

ਰਾਗੀ ਜੀ! ਢਿੱਲੇ—

ਸੰਤ ਦਰਸ਼ਨ ਸਿੰਘ ਰਾਗੀ ਪਿਛਲੇ ਕੁਝ ਮਹੀਨਿਆਂ ਤੋਂ ਢਿੱਲੇ ਹੀ ਢਿੱਲੇ ਚਲੇ ਆ ਰਹੇ ਹਨ। ਟਿਹ ਹਜ਼ੂਰੀ ਤੇ ਮੁਖੀ ਰਾਗੀ ਹਨ। ਪੀ. ਜੀ. ਆਈ. ਚੰਡੀਗੜ੍ਹ ਵਾਲਿਆਂ ਨੇ ਇਹਨਾਂ ਦਾ ਵਿਧੀ ਪੂਰਵਕ ਮੁਆਇਨਾ ਕਰਕੇ ਆਖਿਆ ਹੈ ਕਿ ਇਹਨਾਂ ਨੂੰ ਕੋਈ ਸਰੀਰਕ ਰੋਗ ਨਹੀਂ, ਮਾਨਸਿਕ ਰੋਗੀ ਹਨ। ਵਰਿਮ ਛੱਡ ਦੇਣ ਤਾਂ ਰਾਜ਼ੀ ਹੋ ਜਾਣਗੇ। ਅੱਜ ਇਹ ਹਿੰਮਤ ਕਰਕੇ ਥੋੜੇ ਜਿਹ ਲਈ ਬਿਸਤਰੇ ਤੋਂ ਉਠੇ ਅਤੇ ਵਰਾਂਡੇ ਵਿਚ ਤੁਰਦੇ ਫਿਰਦੇ ਰਹੇ । ਸਵਾਸਥ ਲਾਭ ਦੀ ਉਮੀਦ ਹੈ।

ਰਮ ਸਰ ਦੀ ਉੱਤਰੀ ਬਾਹੀ ਤੇ, ਪੁਰਾਣੇ ਸਕੂਲ ਦੀ ਜੋ ਛਪਰ ਨੁਮਾ ਇਮਾਰਤ ਖਲੋਤੀ ਹੈ ! ਇਸ ਵਿਚ ਸੰਗੀਤ ਵਿਦਿਆਰਥੀਆਂ ਦਾ ਡੇਰਾ ਹੈ। ਇਸ ਦੇ ੪ ਕਮਰਿਆਂ ਵਿਚ ੩-੩ ਸਿਖਿਆਰਥੀਆਂ ਦਾ ਨਿਵਾਸ ਹੈ। ਸਾਹਮਣੇ ਵਲਗਣ ਉਸਾਰੀ ਗਈ ਹੈ ; ਇਸ ਵਿਚ ਬੱਚੇ ਸਫਾਈ ਤੇ ਸੁਚੱਜ ਨਾਲ ਰਹਿੰਦੇ ਵੇਖੇ। ਕੋਈ ਹਾਰਮੋਨੀਅਮ ਵਜਾ ਰਿਹਾ, ਕੋਈ ਗਾ ਰਿਹਾ ਤੇ ਕੋਈ ਤਬਲੇ ਤੇ ਅਭਿਆਸ ਕਰ ਰਿਹਾ ਹੈ।

ਪੰਡਿਤ ਗੋਪਾਲ ਸਿੰਘ ਨੂੰ ਮਿਲਿਆ ਤਾਂ ਉਨ੍ਹਾਂ ਦਸਿਆ ਸ: ਅਪਾਰ ਸਿੰਘ ਬੀੜ ਵਾਲੇ ਵਿਚ ਦੋ ਸਿਫਤਾਂ ਉੱਤਮ ਹਨ, ਇਕ ਆਪਣਾ ਵਿਗਾੜ ਕੇ ਵੀ ਦੂਜੇ ਦਾ ਭਲਾ ਕਹਨਾ, ਦੂਜੇ ਸ੍ਰੀ ਸਤਿਗੁਰੂ ਜੀ ਦੀ ਆਗਿਆ ਖਿੜੇ ਮੱਥੇ ਪ੍ਰਵਾਨ ਕਰਨਾ।

ਸ੍ਰੀ ਭੋਲਾ ਨਾਥ ਮਹਿਤਾ—

ਡਾ: ਤ੍ਰਿਲੋਕ ਸਿੰਘ ਨੂੰ ਮਿਲਿਆ ਤਾਂ ਉਨਾਂ ਪੁਛਿਆ : ਕੋਈ ਐਸਾ ਆਦਮੀ ਹੈ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਤਿਹਾਸਕ ਲੇਖਕ ਹੋਵੇ । ਪਿਛਲੇ ੧੮-੧੯ ਸਾਲ ਵਿਚ ਸਤਿਗੁਰੂ ਜੀ ਨੇ ਏਨਾ ਕੁਝ ਚਮਤਕਾਰੀ ਰੂਪ ਵਿਚ ਕੀਤਾ ਹੈ ਕਿ ਉਸ ਨੂੰ ਅਖੋਂ ਉਹਲੇ ਨਹੀਂ ਕੀਤਾ ਜਾਣਾ ਚਾਹੀਦਾ।

ਫੇਰ ਪਤਾ ਨਹੀਂ ਕਿਵੇਂ ਡਾਕਟਰ ਜੀ ਨੂੰ ਸਤਿਗੁਰੂ ਜੀ ਦੇ ਅੰਗਰੇਜ਼ੀ ਦੇ ਅਧਿਆਪਕ ਮਹਿਤਾ ਭੋਲਾ ਨਾਥ ਯਾਦ ਆ ਗਏ। ਜਦੋਂ ਉਹ ੭੦ ਸਾਲ ਦੀ ਆਯੂ ਵਿਚ ਹੀ. ਦੇਹ ਤਿਆਗਣ ਦੇ ਨਜ਼ਦੀਕ ਅ ਏ ਤਾਂ ਮਹਾਰਾਜ ਬੀਰ ਸਿੰਘ ਜੀ ਨੇ ਡਾਕਟਰ ਜੀ ਨੂੰ ਆਖਿਆ ਸੀ ਕਿ ਉਹ ਸ੍ਰੀ ਮਹਿਤਾ ਜੀ ਦੀ ਅੰਤਮ ਇੱਛਾ ਪੁਛ ਕੇ ਆਉਣ। ਮਹਿਤਾ ਜੀ ਅੰਤਮ ੪-੫ ਦਿਨ ਦਸਤਾਂ ਦੇ ਸ਼ਿਕਾਰ ਰਹੇ। ਇਸ ਮੁਸ਼ਕਲ ਸਮੇਂ ਵਿਚ ਸੰਤ ਮੱਲ ਸਿੰਘ ਦੇ ਲੜਕੇ ਸ੍ਰੀ ਗੁਰਮੁਖ ਸਿੰਘ ਨੇ, ਜੋ ਅੱਜ ਕਲ੍ਹ ਸਰਸੇ ਰੇਹੜੀ ਲਗਾਂਦਾ ਹੈ, ਮਹਿਤਾ ਜੀ ਦੀ ਭਰਭੂਰ ਸੇਵਾ ਕੀਤੀ ।

ਡਾਕਟਰ ਜੀ ਨੇ ਮਹਿਤਾ ਜੀ ਨੂੰ ਜਾ ਕੇ ਅੰਤਮ ਇੱਛਾ ਪੁਛੀ। ਉਨ੍ਹਾਂ ਨੇ ਕਿਹਾ ਮੈਨੂੰ (ਸਤਿਗੁਰੂ) ਜਗਜੀਤ ਸਿੰਘ ਮਹਾਰਾਜ ਜੀ ਦਾ ਜੀਵਨ-ਟਿਤਿਹਾਸ ਲਿਖਣ ਵਾਸਤੇ ਦੋਬਾਰਾ ਜਨਮ ਧਾਰਨਾ ਪਵੇਗਾ ਅਭੇ ਮੇਰੀ ਦੂਜੀ ਇਛਾ ਹੈ ਕਿ ਮੈਂ ਬੇਮੁਖ ਹੋ ਕੇ ਨਾ ਮਰਾਂ। ਡਾਕਟਰ ਜੀ ਨੂੰ ਮਹਾਰਾਜ ਜੀ ਨੇ ਫੇਰ ਦੋ ਚਾਰ ਦਿਨ ਬਾਅਦ 'ਅੰਤਮ ਇਛਾ' ਪੁਛਣ ਲਈ ਕਿਹਾ ਪਰ ਮਹਿਤਾ ਜੀ ਨੇ ਟਿਹੋ ਖਾਹਸ਼ ਹੀ ਫਿਰ ਦੁਹਰਾਈ।

ਜਦੋਂ ਅਸੀਂ ਭੈਣੀ ਸਾਹਿਬ ਪੜਦੇ ਹੁੰਦੇ ਸਾਂ, ਓਦੋਂ ਮਹਿਤਾ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਆਏ ਸਨ। ਕਲੀਨ ਸ਼ੇਵਡ, ਭਗਵੇ ਵਸਤਰ, ਰੁਪੈ ਪੈਸੇ ਨੂੰ ਹੱਥ ਨਹੀਂ ਸੀ ਲਗਾਂਦੇ। ਕੁਦਰਤੀ ਜੀਵਨ ਜਿਉਣ ਵਾਲੇ, ਦਵਾਦਾਰੂ ਦੇ ਪਰੇਹਜ਼ਗਾਰ, ਸਵੇਰੇ ਉਠ ਕੇ, ਸਰਦੀ ਹੋਵੇ ਜਾਂ ਗਰਮੀ, ਸਾਧਾਰਨ ਵਸਤਰਾਂ ਵਿਚ ਵੀ ਸੈਰ ਨੂੰ ਜਾਂਦੇ। ਇਹ ਕਦੇ ਵਡੇ ਸਰਕਾਰੀ ਅਫਸਰ ਰਹਿ ਚੁਕੇ ਸਨ। ਪਰ ਸੰਨ ੧੯੩੬-੩੭ ਦੇ ਲਾਗੇ ਚਾਗੇ ਭੈਣੀ ਸਾਹਿਬ ਆਏ ਤੇ ਫੇਰ ਇਹ ਸਥਾਨ ਏਨਾ ਪਸੰਦ ਆਇਆ ਕਿ ਫੇਰ ਹੋਰ ਕਿਧਰੇ ਜਾਣ ਦੀ ਇੱਛਾ ਹੀ ਨਾ ਰਹੀ।

ਇਹ ਸ੍ਰੀ ਸਤਿਗੁਰ ਜੀ ਤੇ ਇਹਨਾਂ ਦੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਨੂੰ ਅੰਗਰੇਜ਼ੀ ਅਧਿਐਨ ਕਰਵਾਂਦੇ ਰਹੇ। ਇੰਗਲਿਸ਼ ਵਿਚ ਛਪਿਆ ਧਾਰਮਿਕ ਸਾਹਿਤ ਦੇਸ਼ਾਂ

Sri Satguru Jagjit Singh Ji Elibrary NamdhariElibrary@gmail.com

ਵਿਦੇਸ਼ਾਂ ਵਿਚੋਂ ਮੰਗਵਾਂਦੇ। ਪੁਸਤਕਾਂ ਬਾਰੇ ਗਿਆਨ ਇਹਨਾਂ ਨੂੰ ਬਹੁਤ ਸੀ ਤੇ ਰਕਮਾਂ ਦੀ ਘਾਟ ਗੁਰੂ ਘਰ ਵਿਚ ਨਹੀਂ ਸੀ। ਇਹਨਾਂ ਦੇ ਸਮੇਂ ਉੱਤਮ ਉੱਤਮ ਪੁਸਤਕਾਂ ਭੈਣੀ ਸਾਹਿਬ ਆਈਆਂ। ਕਿਤਾਬਾਂ ਤੇ ਕਾਗਜ਼ ਚੜ੍ਹਾਣੇ ਤੇ ਰੀਝ ਨਾਲ ਰਖਣ ਦੀ ਕਿਰਿਆ ਸਤਿਗੁਰੂ ਜੀ ਨੂੰ ਸਿਖਾਣੀ। ਜਦੋਂ ਕਿਸੇ ਅੰਗਰੇਜ਼ੀ ਸ਼ਬਦ ਦੇ ਮਾਅਨੇ ਵਰਤਮਾਨ ਸਤਿਗੁਰੂ ਜੀ ਨੇ ਪੁਛਣੇ ਤਾਂ ਮਹਿਤਾ ਜੀ ਦਾ ਗਿਣਵਾਂ-ਤੁੱਲਵਾਂ ਇਕੋ ਉੱਤਰ ਸੀ : ਕਿਸੇ ਤੋਂ ਪੁਛੋ ਨਹੀਂ। ਖੁਦ ਡਿਕਸ਼ਨਰੀ ਵੇਖੋ ਤੇ ਸ਼ੁਧ ਅਰਥ ਸਮਝੋ। ਇੰਜ ਸ਼ਬਦ ਦਾ ਸ਼ੁਧ ਸਮਾਨਅਰਥਕ ਲਫਜ਼ ਤਾਂ ਮਿਲੇਗਾ ਹੀ ਠੀਕ ਭਾਵ ਦਾ ਵੀ ਪਤਾ ਲੱਗ ਜਾਵੇਗਾ।

ਡਾਕਟਰ ਤ੍ਰਿਲੋਕ ਸਿੰਘ ਨੇ ਕਿਹਾ ਕਿ ਉਹ ਤਦ ਤੋਂ ਹੀ ਉਹ ਇਤਿਹਾਸ ਲੇਖਕ ਉਡੀਕ ਰਹੇ ਹਨ ਜਿਸ ਵਿਚ ਮਹਿਤਾ ਜੀ ਦੀ ਨੂਹ ਪਰਵੇਸ਼ ਕੀਤੀ ਹੋਵੇ ਅਤੇ ਜੋ ਸਤਿਗੁਰੂ ਜੀ ਦਾ ਇਤਿਹਾਸ ਲਿਖ ਰਿਹਾ ਹੋਵੇ।

ਡਾਕਟਰ ਜੀ ਨੇ ਆਪਣੇ ਬਾਰੇ ਵੀ ਦਸਿਆ ਕਿ ਗੁਰੂ ਘਰ ਆਇਆਂ ਉਨ੍ਹਾਂ ਨੂੰ ਨੌ ਤੀਵਾਂ ਸਾਲ ਲਗ ਗਿਆ ਹੈ। ਪਹਿਲਾਂ ਭੈਣੀ ਸਾਹਿਬ ਰਹੇ ਅਤੇ ਫਿਰ ਜੀਵਨ ਨਗਰ ਜ਼ਮੀਨ ਖਰੀਦਣ ਉਪਰੰਤ ਸੰਨ ੧੯੪੭ ਵਿਚ ਉਥੇ (ਜ਼ਿਲਾ ਸਰਸਾ) ਚਲੇ ਗਏ ਅਤੇ ਹੁਣ ਪਿਛਲੇ ਕਈ ਸਾਲਾਂ ਤੋਂ ਭੈਣੀ ਸਾਹਿਬ ਹੀ ਚਕਿਤਸਾ ਕਰ ਰਹੇ ਸਨ। ਡਾਕਟਰ ਤ੍ਰਿਲੋਕ ਸਿੰਘ ਚੰਗੇ ਨੇਚਰੋਪੈਥ ਹਨ। ਗੁਰੂ ਪਰਵਾਰ ਵਿਚ ਕਿਸੇ ਵੀ ਆਏ ਰੋਗ ਦਾ ਨਿਵਾਰਣ ਕੁਦਰਤੀ ਇਲਾਜ ਦੁਆਰਾ ਹੀ ਕਰਦੇ ਕਰਾਂਦੇ ਹਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੀ ਪ੍ਰਾਕ੍ਰਿਤਕ ਚਕਿਤਸਾ ਵਿਚ ਏਨਾ ਵਿਸ਼ਵਾਸ ਹੈ ਕਿ ਹਰ ਅਸਾਧ ਰੋਗੀ ਨੂੰ ਡਾਕਟਰ ਜੀ ਦੀ ਸ਼ਰਣ ਵਿਚ ਭੇਜਦੇ ਸਨ।

ਸੰਤ ਸੰਤੋਖ ਸਿੰਘ ਜੀ

ਮੈਂ ਅਤੇ ਹਰਭਜ ਸਿੰਘ ਸਿਤਾਰ ਫਿਰਦੇ ਰੁਰਦੇ ਸੁਖਦੇਵ ਸਿੰਘ (ਸੰਗੀਤ ਵਿਦਿਆਰਥੀ ਬੱਚਾ) ਦੀ ਖਬਰ ਲੈਣ ਉਨ੍ਹਾਂ ਦੇ ਘਰ ਆਏ। ਪੱਕੀਆਂ ਇੱਟਾਂ ਦੇ ਦੋ ਸਾਦਾ ਸਰਲ ਕਮਰੇ। ਇਸ ਬੰਚੇ ਨੂੰ ਕਾਕੜਾ ਲਾਕੜਾ ਸੀ, ਪਰ ਹੁਣ ਆਰਾਮ ਹੈ। ਇਹੋ ਬਾਲ ਘਰ ਤਬਲਾ ਵਾਦਕ ਸੁਖਵਿੰਦਰ ਸਿੰਘ ਪਿੰਕੀ ਅਤੇ ਛੋਟੇ ਜਿਹੇ ਗਾਇਕ ਸੁਰਿੰਦਰ ਸਿੰਘ ਦਾ। ਇਨ੍ਹਾਂ ਦੇ ਪਿਤਾ ਸ੍ਰੀ ਸੰਤੋਖ ਸਿੰਘ ਅਤੇ ਮਾਤਾ ਅਮਰਜੀਤ

ਸੰਤ ਸੰਤੋਖ ਸਿੰਘ ਜੀ

ਕੌਰ ਨਾਲ ਏਥੇ ਤੇ ਅੱਜ ਹੀ ਮੇਲ ਹੋਇਆ। ਕਮਰੇ ਤਸਵੀਰਾਂ ਨਾਲ ਸਜਾਏ, ਮੰਜੇ ਬਿਸਤਰੇ, ਸੋਫਿਆਂ ਨਾਲ ਸੁਸੱਜਿਤ। ਸਾਦਗੀ ਵੀ, ਸ਼ੌਕ ਵੀ ਅਤੇ ਸਫਾਈ ਵੀ—ਤੀਵੀਂ ਮਰਦ ਦੀ ਇਕਰਸਤਾ ਨੂੰ ਦਰਸਾ ਰਹੇ ਸਨ। ਬੀਬੀ ਅਮਰਜੀਤ ਤਾਂ ਸਾਡੀ ਸੇਵਾ ਵਿਚ ਜੁੱਟ ਪਈ, ਮੈਂ ਕੁਝ ਜਾਣਕਾਰੀ ਲੈਣ ਲਈ ਸ੍ਰੀ ਸੰਤੋਖ ਸਿੰਘ ਨਾਲ ਗੱਲੀਂ ਲਗ ਪਿਆ।

ਸੰਤ ਸੰਤੋਖ ਸਿੰਘ ਨੇ ਦਸਿਆ ਕਿ ਉਹ ਪਿਛਲੇ ੨੨ ਸਾਲਾਂ ਤੋਂ ਗੁਰੂ ਕੇ ਲੰਗਰ ਭੈਣੀ ਸਾਹਿਬ ਦੀ ਸੇਵਾ ਕਰ ਰਹੇ ਹਨ। ਆਟਾ ਗੁੰਨ੍ਹਣਾ, ਪ੍ਰਸਾਦੇ ਵੇਲਣਾ, ਲੋਹ ਤੇ ਪਲਟਾ ਚਲਾਣਾ ਤੇ ਹੋਰ ਵੀ ਜੋ ਲੋੜ ਹੋਵੇ ਕੰਮ ਕਰਨ। ਸੰਤੋਖ ਸਿੰਘ ਨੇ ਆਪਣੀ ਜ਼ਬਾਨੀ ਕਹਾਣੀ ਇੰਜ ਸੁਣਾਈ :

"ਸੰਤ ਹਰਨਾਮ ਸਿੰਘ ਜੀ (ਡੱਲੇ ਵਾਲ ਜਿ: ਹੁਸ਼ਿਆਰ ਪੁਰ) ਦੀ ਸਰਦਾਰੀ ਹੇਠ ਸਾਡਾ ੭੮ ਸਰ੍ਹਾਂ ਦਾ ਵਿਹੰਗਮ ਜਥਾ ਅੱਜ ਤੋਂ ੨੨ ਸਾਲ ਪਹਿਲਾਂ, ਏਥੇ ਮੇਲਿਆਂ-ਹੋਲਿਆਂ ਵਿਚ ਹੀ ਆਉਂਦਾ। ਜਿਥੇ ਹੁਕਮ ਹੁੰਦਾ ਸੇਵ· ਕਰਦਾ ਫਿਰ ਆਪਣੇ ਜ਼ਿਲੇ ਹੁਸ਼ਿਆਰ ਚਲਾ ਜਾਂਦਾ। ਸੰਤ ਪੂਰਨ ਸਿੰਘ ਪਧਾਣੇ ਵਾਲੇ ਸਾਡੇ ਨਾਲ ਹੁੰਦੇ। ਉਹ ਸਾਡੇ ਸਭ ਤੋਂ ਵੱਡੇ ਅਤੇ ਸਤਿਕਾਰ ਯੋਗ ਵਿਅਕਤੀ ਸਨ।

"ਇਕ ਸਮੇਂ ਵੈਸਾਖੀ ਤੋਂ ਕੁਝ ਚਿਰ ਪਹਿਲਾਂ, ਅਸੀਂ ਭੈਣੀ ਸਾਹਿਬ ਆਏ। ਸਤਿਗੁਰੂ ਪ੍ਰਤਾਪ ਸਿੰਘ ਜੀ ਵਕਤ ਦੇ

Sri Satguru Jagjit Singh Ji Elibrary NamdhariElibrary@gmail.com

ਮਾਲਿਕ ਸਨ। ਅੱਜ ਦੇ ਸਤਿਗੁਰੂ ਜੀ ਉਦੋਂ 'ਬਾਬਾ ਜੀ ਵੱਡੇ' ਹੀ ਸਨ। ਇਹਨਾਂ ਨੇ ਸਾਡ ਜੱਥੇ ਦੇ ਮੁਖੀ ਸੰਤ ਹਰਨਾਮ ਸਿੰਘ ਜੀ ਨੂੰ ਆਖਿਆ ਕੇ ਤੁਸੀਂ, ਵੈਸਾਖੀ ਦੇ ਦਿਨੀਂ ਪੰਦਰਾਂ ਦਿਨਾਂ ਲਈ, ਏਥੇ ਟਿਕ ਕੇ ਲੰਗਰ ਦੀ ਸੇਵਾ ਸੰਭਾਲ ਲਉ ਤਾਂ ਗ੍ਰਿਸਤੀ ਸਿਖ ਵਾਢੀਆਂ ਆਦਿ ਲਈ ਇਕ ਵਾਰ ਘਰੀਂ ਘਰੀ ਚਲੇ ਜਾਣ। ਅਤੇ ਨਾਲ ਹੀ ਸਾਨੂੰ ਪੁਛ ਲਿਆ : ਕੋਈ ਹੋਰ ਜ਼ਿੰਮੇਂਵਾਰੀ ਜਾਂ ਲਾਂਝਾਂ ਤਾਂ ਨਹੀਂ ਤੁਹਾਨੂੰ ? ਸੰਤ ਹਰਨਾਮ ਸਿੰਘ ਜੀ ਨੇ ਦਸਿਆ : ਦੋ ਸਾਧਾਰਨ ਪਾਠ ਦੋਹਾਂ ਥਾਵਾਂ ਤੇ ਮੰਨੇ ਹੋਏ ਹਨ। ਸਤਿਗੁਰਾਂ ਨੇ ਬਚਨ ਕੀਤਾ : ਉਹ ਕਰ ਆਵੋ। ਅਤੇ ਨਾਲ ਹੀ ਰਕਮ ਕੱਢ ਕੇ ਆਖਿਓ ਨੇ : ਇਹ ਲਓ ਕਰਾਇਆ।

"ਨਹੀਂ ਜੀ ਇਹਦੀ ਲੋੜ ਨਹੀਂ ਅਸੀਂ ਆ ਜਾਵਾਂਗੇ।"

ਇਕ ਦੋ ਵਾਰ ਸਾਡੀ ਨਾਂਹ ਸੁਣਕੇ ਆਪ ਨੇ ਕਿਹਾ : ਪੈਸੇ ਲੈ ਜਾਓ। ਮੈਨੂੰ ਤਸੱਲੀ ਹੋ ਜਾਵੇਗੀ ਕਿ ਗਲ ਪੱਕੀ ਹੋ ਗਈ ਹੈ।

"ਅਸਾਂ ਰਕਮ ਲੈ ਲਈ। ਜਦੋਂ ਵਾਪਸ ਆ ਕੇ ਸੇਵਾ ਤੇ ਲਗੇ ਤਾਂ ਪੰਦਰਾਂ ਦਿਨਾਂ ਬਾਅਦ ਜਾਣ ਲਈ ਅਰਜ਼ ਕੀਤੀ। ਹੁਕਮ ਹੋਇਆ : ਕੋਈ ਤਕਲੀਫ ਹੈ ? ਜੇ ਹੈ ਤਾਂ ਦਸੋ। ਬੜੀ ਠੀਕ ਤਰ੍ਹਾਂ ਸੇਵਾ ਕਰ ਰਹੇ ਹੋ, ਮੇਰਾ ਤੁਹਾਨੂੰ ਘੱਲਣ ਤੇ ਜੀ ਨਹੀਂ ਕਰਦਾ।

"ਤਿੰਨ ਸਾਲ ਫਿਰ ਬੀਤ ਗਏ।"

"ਤਦ ਨੂੰ ਸੰਤ ਪੂਰਨ ਸਿੰਘ ਜੀ ਦੀ ਸੁਰੱਖਿਆ ਦੀ ਸਾਨੂੰ ਚਿੰਤਾ ਲਗੀ। ਉਸ ਵੇਲੇ ਦੇ ਬਾਬਾ ਜੀ, ਅਜ ਦੇ ਸਤਿਗੁਰਾਂ ਬਚਨ ਕੀਤਾ : ਆਪਣੇ ਵਿਚੋਂ ਇਕ ਜਣਾ ਸੰਤਾਂ ਦੀ ਸੇਵਾ ਵਿਚ ਘੱਲਦੇ ਰਿਹਾ ਕਰੋ।

"ਜਦੋਂ ਇਸ ਤਰ੍ਹਾਂ ਕਰਦਿਆਂ ਵੀ ਦੋ ਸਾਲ ਲੰਘ ਗਏ ਤਾਂ ਅਸਾਂ ਸੋਚਿਆ : ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਹੀ ਖੁਸ਼ੀਆਂ ਅਤੇ ਛੁੱਟੀਆਂ ਲਈਏ।

"ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਦਿਨ ਲੰਗਰ ਵਿਚ ਆਏ। ਸਾਨੂੰ ਵੇਖ ਬੜੇ ਪ੍ਰਸੰਨ ਹੋਏ। ਉੱਚੀ ਉੱਚੀ ਕਹਿਣ ਲਗੇ : ਲੁੱਟ ਲਓ, ਲੁੱਟ ਲਓ, ਲੁੱਟ ਲਓ, ਇਹ ਲੁੱਟ ਫੇਰ ਫੇਰ ਨਹੀਂ ਲਭਣੀ। ਅਤੇ ਨਾਲ ਹੀ ਛੇ ਤਪੱਸਵੀਆਂ ਦੀ ਸਾਖੀ ਸੁਣਾ ਕੇ ਫ਼ਰਮਾਇਆ : ਤੁਸੀਂ ਬੜੀ ਵਾਰੀ ਤਪੱਸਿਆ ਤੇ ਸਾਧਨਾ ਪਏ ਕਰਦੇ ਹੋ। ਤੁਹਾਡਾ ਭਜਨ ਬੰਦਗੀ ਤਾਂ ਆਪਣੇ ਆਪ ਹੋਈ ਜਾਂਦਾ ਹੈ। ਸਾਰੀ ਰਾਤ ਭਜਨ ਕਰਕੇ, ਜੋ ਸਵੇਰੇ ਉੱਠ ਸ਼ਨਾਨ ਸਾਧ ਢਾਈ ਮਾਲਾ ਪੱਕੀਆਂ ਫੇਰ ਕੇ, ਪੰਜ ਜਾਂ ਦਸ ਬਾਣੀਆਂ ਦਾ ਪਾਠ ਕਰਕੇ ਜਦੋਂ ਕੋਈ ਲੰਗਰ ਵਿਚ ਆਉਂਦਾ ਤੇ ਤਹਾਥੋਂ ਪ੍ਰਸਾਦਾ ਮੰਗਦਾ ਹੈ, ਅੱਧੀ ਭਗਤੀ ਤਾਂ ਤੁਹਾਨੂੰ ਦੇ ਏਹਿੰਦਾ ਹੈ – ਤੁਸਾਂ ਹੋਰ ਕੀ ਕਰਨਾ ਹੈ, ਲੁੱਟ ਲਓ ਪਿਆਰਿਓ !

"ਬਸ ਫਿਰ ਸਾਨੂੰ ਹੋਰ ਅਰਜ਼ ਕਰਨ ਦਾ ਗੁੰਜਾਇਸ਼ ਨਾ ਮਿਲੀ। ਤਦ ਤੋਂ ਅਸੀਂ ਸਾਰੇ ਲੰਗਰ ਵਿਚ ਹਾਂ ਅਤੇ ਲੰਗਰ ਸਾਡੇ ਵਿਚ ਹੈ।"

ਮੈਂ ਆਖਿਆ ; ਨਾਲ ਦੇ ਸਾਥੀਆਂ ਦਾ ਵੇਰਵਾ ਦਿਉ। ਸ੍ਰੀ ਸੰਤੋਖ ਸਿੰਘ ਦੇ ਦੱਸਣ ਮੁਤਾਬਕ ਇਹ ਸਜਣ ਲੰਗਰ ਦੀ ਲਗਾਤਾਰ ਸੇਵਾ ਕਰਦੇ ਹਨ, ਹੋਰ ਵਕਤਨ ਬਵਕਤਨ ਹੱਥ ਵਟਾਂਦੇ ਹਨ ਜਾਂ ਸੰਗਤ ਦੀ ਬਹੁਤ ਅਧਿਕਤਾ ਸਮੇਂ ਸੇਵਾ ਕਰਦੇ ਹਨ। ਇਹਨਾ ਦੇ ਜਥੇ ਦੇ ਮੁਖੀ ਹਨ, ਸੰਤ ਹਰਨਾਮ ਸਿੰਘ (੬੦ ਸਾਲ), ਸੰਤਾਂ ਦੇ ਛੋਟੇ ਭਾਈ ਸੰਤ ਦਰਸ਼ਨ ਸਿੰਘ (੫੫) ਸੰਤ ਹਰਨਾਮ ਸਿੰਘ ਹੁਰਾਂ ਦੇ ਪਿਤਾ ਦਾ ਨਾਮ ਭਾਈ ਪ੍ਰੇਮ ਸਿੰਘ ਹੈ। ਸਾਰੇ ਪਰਵਾਰ ਵਿਚੋਂ ਇਹ ਦੋਵੇਂ ਭਰਾ ਨਾਮਧਾਰੀ ਬਣੇ। ਇਹਨਾ ਦੀ ੫੫ ਏਕੜ ਜ਼ਮੀਨ ਵੀ ਹੈ। ਪਰ ਇਹ ਦੋਵੇਂ ਵਡੇ ਭਰਾ ਛੋਟੇ ਦੋਹਾਂ ਭਰਾਵਾਂ ਦੇ ਹਵਾਲੇ ਆਪਣੀ ਜ਼ਮੀਨ ਕਰਕੇ ਆਪ ਸੇਵਾ ਦਾ ਲਾਹ ਖਟਦੇ ਹਨ। ਤੀਜੇ ਹਨ ਸੰਤ ਭਗਤ ਸਿੰਘ (੬੦), ਇਹ ਸੰਤ ਅਤਰ ਸਿੰਘ ਸਭੜਿਆਲ ਦੇ ਜਥੇ ਵਿਚ ਲਾਂਗਰੀ ਵੀ ਰਹੇ ਅਤੇ ਚੁਲਕਈਏ ਵੀ। ਚੌਥਾ ਇਹ ਸੰਤ ਸੰਤੋਖ ਸਿੰਘ (੪੦) ਆਪ ਹੈ ਜੋ ਭਾਈ ਸ਼ੇਰ ਸਿੰਘ ਪਿੰਡ ਚਠਿਆਲੀ (ਹੁਸ਼ਿਆਰ ਪੁਰ) ਦਾ ਸਪੁਤਰ ਹੈ। ਪੰਜਵਾ ਸੱਜਣ ਹੈ ਸ਼ੰਤ ਕਰਤਾਰ ਸਿੰਘ ਦਾਲੇ ਵਾਲਾ (੪੦)। ਇਹ ਸਦਾ ਦਾਲਾਂ ਬਣਾਣ ਦੀ ਹੀ ਸੇਵਾ ਕਰਦਾ ਹੈ। (ਯੂ. ਪੀ. ਫਾਰਮ ਤੇ ਜਦੋਂ ਕੁਝ ਸਮਾਂ ਸਤਿਗੁਰੂ ਜੀ ਰਹੇ ਇਕ ਦਿਨ ਕਰਤਾਰ ਸਿੰਘ ਜੀ ਦੇ ਪਿਤਾ ਦੇ ਘਰ ਚਰਨ ਪਾ ਕੇ ਮੇਲਾ ਕਰਕੇ ਕਰਤੇ ਆਏ ਸਨ)।

ਮੰਤ ਸੰਤੋਖ ਸਿੰਘ ਸਤਿਗੁਰੂ ਰਾਮ ਸਿੰਘ ਜੀ ਵਾਲੀ ਵੱਡੀ ਲੋਹ ਉਤੇ ਸੇਵਾ ਜਰਦਾ ਹੈ, ਉਸਤੋਂ ਪੁਛਿਆ ਗਿਆ : ਲੰਗਰ ਦੀ ਕੱਚੀ ਇਮਾਰਤ ਨੂੰ ਪੱਕਿਆਂ ਕਰਨ ਸਮੇਂ ਕੁਝ ਦਿਨ ਏਥੇ ਲੰਗਰ ਰੋਕਣਾ ਪਿਆ ਹੋਵੇਗਾ ?

'ਨਹੀਂ। ਲੰਗਰ ਸਦਾਂ ਵਾਂਗ ਜਾਰੀ ਰਿਹਾ ਤੇ ਇਸੇ ਇਮਾਰਤ ਵਿਚ ਹੀ ਤਿਆਰ ਹੁੰਦਾ ਰਿਹਾ। ਸਾਰੀ ਉਸਾਰੀ

Sri Satguru Jagjit Singh Ji Elibrary NamdhariElibrary@gmail.com

ਲੰਗਰ ਵਾਸਤੇ ਥਾਵਾਂ ਏਦਲ ਕੇ ਹੁੰਦੀ ਰਹੀ ਗੁਰੂ ਰਾਮ ਸਿੰਘ ਵਾਲੀ ਲੋਹ ਤਾ ਅਤੁੱਕ ਚਲਦੀ ਰਹੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਐਸੀ ਵਿਉਂਤ ਕਰਵਾਈ ਕਿ ਇਸੇ ਇਮਾਰਤ ਵਿਚ ਲੰਗਰ ਨਿਰਵਘਨ ਚਲਦਾ ਰਿਹਾ।"

ਸੰਤੋਖ ਸਿੰਘ ਦੇ ਘਰ ਵਿਚ ਸਾਰੀਆਂ ਅਜੋਕੀਆਂ ਸਹੂਲਤਾਂ ਹਨ। ਸੰਤੋਖ ਸਿੰਘ—ਅਮਰਜੀਤ ਦੇ ਤਿੰਨੇ ਬੱਚੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਨਜ਼ੂਰੇ ਨਜ਼ਰ ਹਨ। ਵੱਡਾ ਲੜਕਾ ਸੁਖਦੇਵ ਸਿੰਘ ਰਸੀਲਾ ਗਾਇਕ ਅਤੇ ਵਾਜੇ ਦਾ ਚੰਗਾ ਵਜੰਤਰੀ ਹੈ। ਇਹ ਪਹਿਲਾਂ ਉਸਤਾਦ ਹਰਭਜਨ ਸਿੰਘ ਫਿਰ ਸ. ਮਹਿੰਦਰ ਸਿੰਘ ਅੰਮ੍ਰਿਤਸਰੀ ਅਤੇ ਹੁਣ ਦਿੱਲੀ ਵਿਚ ਜਾ ਕੇ ਸ਼੍ਰੀ ਰਾਜਨ ਸਾਜਨ ਮਿਸ਼ਰਾ ਬੰਧੂਆਂ ਤੋਂ ਸ਼ਾਸਤਰੀ ਸੰਗੀਤ ਦੀ ਸਿਖਿਆ ਲੈ ਰਿਹਾ ਹੈ। ਦੂਜਾ ਲੜਕਾ ਸੁਖਵਿੰਦਰ ਸਿੰਘ 'ਪਿੰਕੀ' ਵਧੀਆ ਤਬਲਾ ਵਾਦਕ ਹੈ। ਇਸਨੇ ਪਹਿਲਾਂ ਭੈਣੀ ਸਾਹਿਬ ਵਿਚ ਭਾਈ ਨਿਹਾਲ ਸਿੰਘ ਤੋਂ ਤਬਲਾ ਵਾਦਨ ਦੀ ਸਿਖਿਆ ਲਈ। ਅਜ ਕਲ੍ਹ ਬਨਾਰਸ ਵਿਚ ਤਬਲਾ ਸਿਰਤਾਜ ਕਿਸਨ ਮਹਾਰਾਜ ਦੀ ਸ਼ਾਗਿਰਦੀ ਦਾ ਲਾਭ ਉਠਾ ਰਿਹਾ ਹੈ। ਅਰਥਾਤ ਭਾਰਤ ਦੇ ਸਿਖਰਲੇ ਕਲਾਕਾਰ ਤੋਂ ਗੁਣ ਹਾਸਲ ਕਰ ਰਿਹਾ ਹੈ। ਬੜਾ ਚੰਚਲ, ਮੁੱਖ ਅਤੇ ਸ਼ਰਾਰਤੀ ਹੈ ਪਰ ਨਾਲ ਹੀ ਤਬਲਾ ਵਾਦਨ ਏਨੇ ਵਿਸ਼ਵਾਸ ਨਾਲ ਕਰਦਾ ਹੈ ਕਿ ਬੜੇ ਬੜੇ ਉਸਤਾਦ ਦੰਗ ਰਹਿ ਜਾਂਦੇ ਹਨ। ਤੀਜਾ ਲੜਕਾ ਸੁਰਿੰਦਰ ਸਿੰਘ ਹੈ। ਇਸ ਨੂੰ ਵੀ ਸਤਿਗੁਰੂ ਜੀ, ਬੱਚਿਆਂ ਵਾਂਗ ਸੰਗੀਤ ਸਿਖਿਆ ਦਿਵਾ ਰਹੇ ਹਨ। ਸਤਿਗੁਰੂ ਜੀ ਨੇ ਇਹਨਾਂ ਬੱਚਿਆਂ ਵਾਸਤੇ ਕੁਝ ਵੀ ਉਠਾ ਕੇ ਨਹੀਂ ਰਖਿਆ। ਸੱਚੇ ਪਾਤਸਾਹ ਇਹਨਾਂ ਨੂੰ ਸੰਗੀਤ ਕਲਾ ਪਖੋਂ ਹਿੰਦੁਸਤਾਨ ਦੀ ਚੋਟੀ ਤੇ ਵੇਖਣਾ ਚਾਹੁੰਦੇ ਹਨ।

ਆਪਣੇ ਕਮਰਿਉਂ ੪.੧੫ ਲਉਦੇ ਵੇਲੇ ਰਾਮ ਸਰ ਨੂੰ ਆਇਆ ਤਾਂ ਡਾ. ਤ੍ਰਿਲੋਕ ਸਿੰਘ ਹੁਰਾਂ ਦੱਸਿਆ ਪੰਡਿਤ ਗੋਪਾਲ ਸਿੰਘ ਮੈਨੂੰ ਲਭ ਰਹੇ ਸਨ। ਪੰ: ਜੀ ਵਲ ਗਿਆ ਤਾਂ ਉਹਨਾਂ ਕੁਛ ਖਾਣ ਪੀਣ ਦਾ ਪ੍ਰਬੰਧ ਕੀਤਾ ਹੋਇਆ। ਮੈਂ ਉਹਨਾਂ ਨੂੰ ਇਕ ਅੜਾਉਣੀ ਪਾ ਛੱਤੀ ਪਰ ਉਹਨਾਂ ਵੀ ਪ੍ਰੇਮ ਵਾਲੀ ਚੱਦ ਮੁਕਾ ਦਿਤੀ। ਆਪਣੀ ਮਰਿਯਾਦਾ ਤੋਂ ਉਲਟ ਆਪ ਮੇਰੀ ਸੇਵਾ ਕਰਕੇ ਮੇਰੇ ਜੂਠੇ ਬਰਤਨ ਵੀ ਸਾਫ਼ ਕੀਤੇ। ਇਹ ਉਹਨਾਂ ਦਾ ਵਡੱਪਣ ਹੈ ਮੇਰੀ ਹਿਮਾਕਤ ਸੀ। ਕਿੰਨੇ ਹੀ ਸਮੇਂ ਤੋਂ ਮੈਂ ਵੇਖ ਰਿਹਾ ਸਾਂ ਕਿ ਉਹ ਆਪਣੇ ਪਾਸ ਆਇਆਂ ਦੀ ਜਲ ਪਾਣੀ ਆਦਿ ਦੀ ਸੇਵਾ ਪੁਛਦੇ ਤੇ ਕਰਦੇ ਹਨ।

'ਪੀਜੋ' ਤੇ ਸਿਮ੍ਰਤੀ ਮੰਦਰ ਨੂੰ

ਪੰਡਿਤ ਜੀ ਤੋਂ ਵਿਹਲਾ ਹੋ ਕੇ ਸ੍ਰੀ ਸਤਿਗੁਰੂ ਜੀ ਦੇ ਡੇਰੇ ਗਿਆ ਤਾਂ ਵੇਖਿਆ ਕਿ ਆਪ ਸੰਗੀਤਕਾਰ ਬੱਚਿਆਂ ਨੂੰ ੯-੧/੪ ਮਾਤਰਾਂ ਦੀਆਂ ਤਿਹਾਈਆਂ ਅਤੇ ਬੋਲ ਸਿਖਾ ਕੇ ਹਟੇ ਹਨ। ਪਿੰਕੀ ਤਬਲਾ ਤੇ ਮੋਹਨ ਸਿੰਘ ਹਾਰਮੋਨੀਅਮ ਵਜਾ ਰਹੇ ਸਨ। ਸਤਿਗੁਰੂ ਜੀ ਜ਼ਰਾ ਬਾਹਰ ਜਾਣਾ ਚਾਹੁੰਦੇ ਸਨ। ਆਪ ਜੀ ਪਾਸ ਇਸ ਵੇਲੇ ਸ. ਅਵਤਾਰ ਸਿੰਘ ਅੰਮ੍ਰਿਤਸਰੀ, ਉਸਤਾਦ ਹਰਭਜਨ ਸਿੰਘ ਠਾਕਰ ਜੀ ਵੱਡੇ ਸਨ। ਸੰਤ ਕ੍ਰਿਪਾਲ ਸਿੰਘ ਤੇ ਸੰਤ ਮਹਿੰਦਰ ਸਿੰਘ ਪੂਰਬਾ ਜਾਣ ਦੀ ਤਿਆਰੀ ਵਿਚ ਸਨ।

ਸਤਿਗੁਰੂ ਜੀ 'ਪੀਜੋ' ਦੀ ਸਵਾਰੀ ਕਰ ਸਿਮ੍ਰਤੀ ਮੰਦਰ ਵਲ ਜਾਣਾ ਚਾਹੁੰਦੇ ਸਨ, ਸੋ ਹਜ਼ੂਰ ਨੇ ਇਕ ਪੁਰਜੇ ਦੀ ਵਾਕਫ਼ੀ ਲੈ ਗੱਡੀ ਸਟਾਰਟ ਕੀਤੀ। ਸ. ਅਵਤਾਰ ਸਿੰਘ ਨੇ ਦੱਸਿਆ : ਸਤਿਗੁਰਾਂ ਅੱਜ ਦੂਜੀ ਵਾਰ ਪੀਜੋ ਦਾ ਸ਼ਟੇਅ-ਰਿੰਗ ਫੜਿਆ। ਅਗੇ ਇਕ ਦਿਨ ਭੈਣੀ ਸਾਹਿਬ ਤਕ ਗਏ ਸਨ। ਸਤਿਗੁਰੂ ਜੀ ਦੀ ਨਾਲ ਵਾਲੀ ਸੀਟ ਤੋ ਅਵਤਾਰ ਸਿੰਘ, ਪਿਛੇ ਪੂਰਬਾ ਜੀ, ਹਰਭਜਨ ਸਿੰਘ, ਪ੍ਰੀਤਮ ਸਿੰਘ ਕਵੀ ਤੇ ਬਲਜੀਤ ਸਿੰਘ ਬੈਠੇ। ਕਾਰ ਅੰਦਰ ਵਲ ਚੱਲਣ ਲਗੀ।

ਮੰਦਰ ਦੁਆਰ ਤੇ ਲੈ ਜਾ ਕੇ ਗੱਡੀ ਵਿਚ ਬੈਠੇ ਬੈਠੇ ਹੀ ਓਥੇ ਕੰਮ ਕਰਦੇ ਸਿੰਘਾਂ ਦੀ ਸੁਖ ਸਾਂਦ ਪੁੱਛੀ। ਜਦੋਂ ਉਹ ਇਕੱਠੇ ਹੋ ਕੇ ਨਮਸਕਾਰ ਕਰਨ ਲਈ ਅਗੇ ਆਏ ਤਾਂ ਸਤਿਗੁਰਾਂ ਪੁਛਿਆ : ਕਿਉਂ ਬਈ ਰਾਇਸਰੀਓ ! ਕੀ ਹਾਲ ਚਾਲ ਨੇ ? ਕਦੋਂ ਆਏ ਓ ?

'ਆਪ ਜੀ ਦੀ ਕਿਰਪਾ ਹੈ। ਅੱਜ ਹੀ ਸਵੇਰੇ ਆਏ ਹਾਂ।'

'ਕਿੰਨੇ ਜਣੇ ਓ ?'

'ਦਸ ਜਣੇ ਜੀ।'

ਏਨੇ ਨੂੰ ਸੰਤ ਬਲਕਾਰ ਸਿੰਘ ਹਜ਼ੂਰੀ ਸੇਵਕ ਤੇ ਜਥੇਦਾਰ ਸਵਰਨ ਸਿੰਘ ਆਏ। ਨਮਸਕਾਰ ਕਰ ਬੇਨਤੀ ਕੀਤੀ : ਆਪ ਜੀ ਨੂੰ ਇਕ ਅਰਜ਼ ਕਰਨੀ ਹੈ। ਸਤਿਗੁਰੂ ਜੀ ਨੇ ਸਵਿਚ ਆਫ ਕੀਤਾ, ਗੱਡੀਓਂ ਬਾਹਰ ਨਿਕਲੇ ਅਤੇ

Sri Satguru Jagjit Singh Ji Elibrary NamdhariElibrary@gmail.com

ਮੰਦਰ ਦੇ ਵਿਚਾਲੇ ਜਾ ਕੇ ਉਨ੍ਹਾਂ ਨਾਲ ਬਚਨ ਬਲਾਸ ਕਰਨ ਲਗੇ ।

ਮੰਦਰ ਦੇ ਅੰਦਰ ਸਫਾਈ ਕੀਤੀ ਜਾ ਰਹੀ ਹੈ । ਲੱਹਾ, ਗਾਰਡਰ, ਇੱਟਾਂ ਆਦਿ ਉਠਾਈਆਂ ਗਈਆਂ ਹਨ । ਸਤਿ-ਗੁਰੂ ਜੀ ਨੇ, ਪਈ ਹੋਈ ਰੋੜੀ ਵੀ ਉਠਾਣ ਦੀ ਤਾਕੀਦ ਕੀਤੀ । ਫਿਰ ਇਕ ਵਿਨੰਦੀ ਬਲਕਾਰ ਸਿੰਘ ਤੋਂ ਹਰਭਜਨ ਸਿੰਘ ਨੂੰ ਸੁਣਾਈ । ਕਹਾਣੀ ਦੋ ਵੱਖ ਹੋਏ ਭਰਾਵਾਂ ਚੋਂ ਇਕ ਦੇ ਹਿਸੇ ਆਏ ੪੦੦/— ਦੀ ਸੀ ਤੇ ਉਸ ਤੋਂ ਪ੍ਰਾਪਤ ਹੋਏ ਸੌਦੇ ਦੀ ।

ਏਥੇ ੧੫ ਕੁ ਮਿੰਟ ਠਹਿਰ ਤੁਰਨ ਲਗੇ ਤਾਂ ਪੰਡਤ ਗੋਪਾਲ ਸਿੰਘ ਨਮਸਕਾਰ ਕਰਨ ਆ ਗਏ । 'ਪੈਰੀਂ ਜੋੜਾ ਹੈ ?' ਸਤਿਗੁਰਾਂ ਪੁਛਿਆ । ਜੋੜਾ ਹੋਣ ਕਰ ਕੇ ਉਹ ਵੀ ਗੱਡੀ ਵਿਚ ਬਹਾ ਲਏ । ਭੈਣੀ ਸਾਹਿਬ ਲਈ ਚਲੇ ਕੱਠੀ ਵਾਲੇਂ ਚੋਂਕ ਵਿਚ ਪਿਪਲ ਪਾਸ ਗਿਆਂ ਠਾਕਰ ਦਲੀਪ ਸਿੰਘ ਨਮਸਕਾਰ ਕਰ ਕੇ ਲੰਘ ਚਲੇ ਕਿ ਅਵਤਾਰ ਸਿੰਘ ਤੋਂ ਪੁਛ ਕੇ ਹਾਰਨ ਵਜਾਇਆ ਪਰ ਠਾਕੁਰ ਜੀ ਬੇਫ਼ਿਕਰ ਤੁਰੇ ਜਾ ਰਹੇ ਸਨ । ਸਤਿਗੁਰੂ ਜੀ ਨੇ ਬੈਕ ਗੇਅਰ ਲਗਾ ਕੇ ਹਾਰਨ ਮੁਤ ਮੁੜ ਵਜਾ ਕੇ ਠਾਕੁਰ ਜੀ ਨੂੰ ਵਾਪਸ ਬੁਲਾ ਹੀ ਲਿਆ : ਉਹ ਵੀ ਗੱਡੀ ਵਿਚ ਬਿਠਾ ਲਏ ਤੇ ਗੱਡੀ ਟੇਢੇਵਾਲ ਦੀ ਸੜਕ ਨੂੰ ਪਾ ਲਈ ।

ਛੋਟੀ ਨਹਿਰ ਦੇ ਕੰਢੇ—

ਮਾਛੀਵਾੜਾ ਰੋਡ ਤੇ ਜਾਂਦਿਆਂ ਨਹਿਰ ਦੇ ਪੁਲ ਤੇ ਜਾ ਸੱਜੇ ਪਾਸੇ ਥੋੜ੍ਹਾ ਕੁ ਤੋਰ ਗੱਡੀ ਰੋਕ ਦਿਤੀ ਅਤੇ ਨਹਿਰ ਪਟੜੀ ਤੇ ਪੈਦਲ ਚਲੇ । ਆਪ ਜੀ ਨਾਲ ਠਾਕਰ ਜੀ ਜਾ ਰਹੇ ਸਨ ਤੇ ਸਲਾਹ ਮਸ਼ਵਰੇ ਹੋ ਰਹੇ ਸਨ । ਮੈਂ ਤੇ ਪੰਡਿਤ ਜੀ ਗਲੀਂ ਲਗੇ ਤੁਰੇ ਜਾ ਰਹੇ ਸਾਂ । ਹਰਭਜਨ ਸਿੰਘ ਅਤੇ ਅਵਤਾਰ ਸਿੰਘ ਪਰਸਪਰ ਮਗਨ ਸਨ । ਸਤਿਗੁਰੂ ਜੀ ਨੇ ਪਿਛੇ ਮੁੜ ਵੇਖ ਕੇ ਫੁਰਮਾਇਆ : ਤਿੰਨ ਜੱਥੇ ਤਾਂ ਗਲਬਾਤ ਵਿਚ ਰੁਝੇ ਹੋਏ ਚਲਦੇ ਆ ਰਹੇ ਹਨ ਪਰ ਪੂਰਬਾ ਤੇ ਬਲ; ਤਿ ਤਾਂ ਚੁਪ ਕੀਤੇ ਹੀ ਚਲ ਰਹੇ ਹੰਨ ।

ਸ਼ਾਮ ਦਾ ਦੀਵਾਨ

ਅੱਧਾ ਘੰਟਾ ਚਲ ਫਿਰ ਕੇ ਵਾਪਸੀ ਹੋਈ । ਕੱਠੀ ਦੇ ਚੋਂਕ ਲਾਗੇ ਆਕੇ ਸਭ ਨੂੰ ਆਗਿਆ ਹੋਈ : ਹੁਣ ਨਾਮ ਸਿਮਰਨ ਵਿਚ ੧੫ ਮਿੰਟ ਰਹਿੰਦੇ ਹਨ । ਜੋ ਕੁਝ ਕਰਨਾ ਹੈ ਕਰ ਲਵੋ, ਨਿਤਨੇਮ ਵੇਲੇ ਦੀਵਾਨ ਵਿਚ ਆ ਜਾਣਾ ।

ਅਤੇ ਜਦੋਂ ਮੈਂ ਨਿਤਨੇਮ ਵਿਚ ਪੁੱਜਾ । ਵੇਖਿਆ ਅਜ ਹਰੀ ਮੰਦਰ ਵਿਚ ਸੰਗਤ ਵਾਧੂ ਹੈ । ਸਿੰਘ ਮੰਦਰੋਂ ਬਾਹਰ ਵੀ ਬੈਠੇ ਹੋਏ ਹਨ । ਇਕ ਸਾਧੂ, ਸ੍ਰੀ ਟੀਕਮ ਦਾਸ, ਪਿੰਡ ਪਾੜਾਲੀ (ਗੁੜਗਾਓਂ) ਪੀਲੇ ਵਸਤਰ, ਮਾਲਾ ਪਹਿਨੀ, ਮੱਥੇ ਤਿਲਕ ਲਗਾਈ ਰਾਗੀਆਂ ਵਾਲੇ ਪਾਸੇ ਬੈਠਾ ਹੈ ਇਸਦੇ ਪਾਸ ਹੀ ਨਾਮਧਾਰੀ ਸ੍ਰ. ਬੁੱਢਾ ਸਿੰਘ ਸਜ ਰਹੇ ਹਨ (ਇਹਨਾਂ ਬਾਰੇ ਫੇਰ ਕਦੇ ਲਿਖਾਂਗਾ ।

੭'੩੦ ਵਜੇ ਤਾਂ ਕੀਰਤਨ ਸ਼ੁਰੂ ਹੋਇਆ । ਸਤਿਗੁਰੂ ਜੀ ਨੇ ਆਪ ਦਿਲ ਰੁਬਾ ਸੁਰ ਕਰਕੇ ਠਾਕਰ ਉਦੈ ਸਿੰਘ ਨੂੰ ਦਿਤਾ । ਰਾਗ ਕਾਫੀ ਦੀਆ ਸੁਰਾਂ ਸਮਝਾਈਆਂ । ਅਵਤਾਰ ਸਿੰਘ ਦੇ ਠੇਕੇ ਨਾਲ ਮੰਗਲਾਂ ਚਰਨ ਹੋ ਕੇ ਸ਼ਬਦ ਦੀ ਟੇਕ ਉਠੀ : ਜਉ ਰਾਜ ਦੇਹਿ ਤਾਂ ਕਵਨ ਬਡਾਈ ।

ਪੂਰਾ ਸ਼ਬਦ :

ਜੋ ਰਾਜ ਦੇਹਿ ਤ ਕਵਨ ਬਡਾਈ ।
ਜੋ ਭੀਖ ਮੰਗਾਵਹਿ ਤ ਕਿਆ ਘਟਿ ਜਾਈ । ੧ ।
ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ।
ਬਾਹੁਰਿ ਨ ਹੋਇ ਤੇਰਾ ਆਵਨ ਜਾਨੁ । ੧ । ਰਹਾਉ ।
ਸਭ ਤੈ ਉਪਾਈ ਭਰਮ ਭੁਲਾਈ ।
ਜਿਸ ਤੂੰ ਦੇਵਹਿ ਤਿਸਹਿ ਬੁਝਾਈ । ੨ ।
ਸਤਿਗੁਰੁ ਮਿਲੈ ਤ ਸਹਸਾ ਜਾਈ ।
ਕਿਸੁ ਹਉ ਪੂਜਉ ਦੂਜਾ ਨਦਰਿ ਨਾ ਆਈ । ੩ ।
ਏਕੈ ਪਾਥਰ ਕੀਜੈ ਭਾਉ ।
ਦੂਜੈ ਪਾਥਰ ਧਰੀਐ ਪਾਉ ।
ਜੇ ਓਹੁ ਦੇਉ ਤ ਓਹੁ ਭੀ ਦੇਵਾ ।
ਕਹਿ ਨਾਮਾ ਦੇਉ ਹਮ ਹਰਿ ਕੀ ਸੇਵਾ । ੪ । ੧

[ਗੂਜਰੀ ਸ੍ਰੀ ਨਾਮ ਜੀ ਕੇ ਪਦੇ ਘਰੁ ੧
ਆਦਿ ਗ੍ਰੰਥ, ਪੰਨਾ ੫੨੫

ਪੰਡਿਤ ਜੀ ਦੀ ਅਰਦਾਸ ਨਾਲ ਦੀਵਾਨ ਦੀ ਸਮਾਪਤੀ ਹੋਈ ।

੨੩ ਮਾਰਚ ੧੯੭੮ ਵੀਰਵਾਰ

ਸ੍ਰੀ ਭੈਣੀ ਸਾਹਿਬ

ਡੇਹਰਾਦੂਨ ਨੂੰ

ਸਤਿਗੁਰੂ ਜੀ ਨੂੰ ਡੇਹਰਾਦੂਨ ਵਿਖੇ ਮਿਲਣ ਦੀ ਇੱਛਾ ਨਾਲ ਉਸਤਾਦ ਵਲਾਇਤ ਖਾ ਵੀ ਆਪਣੇ ਨਿਵਾਸ ਡੇਹਰਾਦੂਨ ਨੂੰ ਆ ਰਹੇ ਸਨ ਦਿੱਲੀ ਵਲੋਂ, ਸਤਿਗੁਰੂ ਜੀ ਵੀ ਆਸਾ ਦੀ

Sri Satguru Jagjit Singh Ji Elibrary NamdhariElibrary@gmail.com

ਵਾਰ ਦਾ ਪਾਠ ਸੁਣਦਿਆਂ ਸਵੇਰੇ ਸਵੇਰੇ ਡੇਹਰਾਦੂਨ ਲਈ ਸਫਰ ਕਰ ਰਹੇ ਸਨ। ਆਸਾ ਦੀ ਵਾਰ ਦਾ ਕੀਰਤਨ ਪਾਠ ਪਰਬਾ ਮਹਿੰਦਰ ਸਿੰਘ ਸੁਣਾ ਰਿਹਾ ਹੋਵੇਗਾ।

ਭੋਣੀ ਸਾਹਿਬ ਵਿਚ

ਏਥੇ ਨਿਤ ਵਾਂਗ, ਸਮੇਂ ਸਿਰ, ਬਲਜੀਤ-ਮੋਹਣ ਆਦਿ ਬਚਿਆਂ ਨੇ ਕੀਰਤਨ ਕੀਤਾ। ਬਾਬਾ ਰਾਮ ਰਾਮ ਵਲੋਂ ਸਮਾਪਤੀ ਦੀ ਅਰਦਾਸ ਹੋਣ ਤੇ ਪੰ: ਗੋਪਾਲ ਸਿੰਘ ਨੇ 'ਹੁਕਮ ਮੰਨਣ ਦੇ ਮਹਤਵ ਤੇ ਛੋਟੀ ਜਿਹੀ ਤਕਰੀਰ ਕਰਕੇ ਸੰਗਤ ਨੂੰ ਸਤਿਗੁਰੂ ਜੀ ਦਾ ਰਾਤ ਵਾਲਾ ਹੁਕਮ ਸੁਣਾਇਆ ਕਿ ਸਿਮ੍ਰਤੀ ਮੰਦਰ ਅੰਦਰ ਪਈਆਂ ਰੋੜੀ-ਇਟਾਂ ਚੁਕਾਕੇ ਬਾਹਰ ਇਕ ਪਾਸੇ ਰਖੀਆਂ ਜਾਣ ਤੇ ਖਿੰਡਿਆ ਪੁੰਡਿਆ ਲੋਹਾ ਵੀ ਇਕ ਥੰਨੇ ਕੀਤਾ ਜਾਵੇ।

੭-੩੦ ਤੋਂ ਸੰਗਤ-ਇਸਤਰੀਆਂ, ਪੁਰਸ਼, ਬੱਚੇ, ਬੁੱਢੇ ਸਭ ਮੋਰਚੇ ਤੇ ਆ ਗਏ। ਬੀਬੀਆਂ ਸ਼ਾਂਤ ਚਿਤ ਭਜਨ ਕਰਦੀਆਂ ਇੱਟਾਂ-ਰੋੜੀ ਚੁਕ ਚੁਕ ਬਾਹਰ ਸੁਟਣ ਲਗੀਆਂ। ਦਾਨੇ ਸਜਨ ਲੋਹਾ ਉਠਾ ਉਠਾ ਪੂਰਬੀ-ਉਤਰੀ ਨੁਕਰੇ ਬਾਹਰ ਰਖਣ ਲਗੇ। ਬੱਚੇ ਕਿਲਕਾਰੀਆਂ ਮਾਰਦੇ, ਸ਼ਰਾਰਤਾਂ ਕਰਦੇ ਸਰੀਏ ਆਦਿ ਉਠਾਣ ਲਗੇ, ਵਾਤਵਰਨ ਵਿਚ ਇਹ ਆਹਲਾਦ ਸੀ।

ਸ੍ਰੀ ਹਰੀ ਬਾਬਾ ਜੀ ਦੀ ਯਾਦ

ਪੰਡਿਤ ਜੀ ਪਾਸ ਗਿਆਂ ਮੈਨੂੰ ਰਾਤ ਵਾਲੇ ਸੰਤ ਟੀਕਮ ਦਾਸ ਦੇ ਫਿਰ ਦੀਦਾਰ ਹੋਏ। ਪੰਡਿਤ ਜੀ ਨੇ ਦਸਿਆ : ਇਹ ਗੁਰੂ ਘਰ ਦੇ ਮਹਾਨ ਪ੍ਰੇਮੀ ਸ੍ਰੀ ਮਾਨ ਸੰਤ ਹਰੀ ਦਾਸ ਜੀ ਦੇ ਸਪੁਤ੍ ਟੀਕਮ ਦਾਸ ਜੀ ਹਨ।

ਸ੍ਰੀ ਹਰੀ ਬਾਬਾ ਜੀ ਨਾਮਧਾਰੀਆਂ ਵੇ ਪ੍ਰਮੁਖ ਮੇਲਿਆਂ ਹੋਲਾ ਤੇ ਜਪ ਪ੍ਰਯੋਗ—ਭਾਵੇਂ ਇਹ ਕਿਤੇ ਵੀ ਹੋਣ ਧਿਆਨ ਤੇ ਉਚੇਚ ਨਾਲ ਪਹੁੰਚਦੇ। ਪੀਲੇ ਵਸਤਰ, ਸਫੈਦ ਦਾਹੜਾ, ਕੇਸ ਪਿਛਾਂਹ ਨੂੰ ਕੰਘੀ ਕੀਤੇ ਹੋਏ। ਸਤਿਗੁਰੂ ਜੀ ਦੇ ਪ੍ਰੇਮ ਵਿਚ ਗਰੂੰਦ ਰਹਿੰਦੇ ਅਤੇ ਜਦੋਂ ਕਦ ਵੀ ਸਤਿਗੁਰੂ ਜੀ ਨੂੰ ਬੇਨਤੀ ਕਰਦੇ ਇਹੋ ਕਹਿੰਦੇ: ਮੇਰਾ ਸਾਧ ਸੰਗਤ ਅਤੇ ਆਪ ਜੀ ਨਾਲ ਪ੍ਰੇਮ ਬਣਿਆ ਰਹੇ। ਹੋਰ ਮੇਰੀ ਕੋਈ ਲੋੜ ਨਹੀਂ। ਉਹ ਬਹੁਤ ਸਿਆਣੇ ਵੈਦ ਅਤੇ ਸ਼ਾਸਤਰਾਂ ਦੇ ਵਿਦਵਾਨ ਸਨ। ਦੀਵਾਨਾਂ ਵਿਚ ਕਦੇ ਕਦੇ ਸਤਿਗੁਰੂ ਜੀ ਦਾ ਧਨਵਾਦ ਕਰਨ ਲਈ ਉਠਦੇ ਤਾਂ ਵੈਰਾਗੀ ਹੋ ਜਾਂਦੇ। ਕਿਹਾ ਕਰਦੇ : ਮੇਰੀ ਦਾਦੀ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਹੋਏ ਸਨ। ਉਹ ਸਾਨੂੰ ਦੱਸਿਆ ਕਰਦੇ ਸਨ ਕਿ ਉਹਨਾਂ ਜਿਹਾ ਸੁੰਦਰ ਧਰਤੀ ਤੇ ਹੋਰ ਕੋਈ ਨਹੀਂ ਸੀ। ਅਤੇ ਕਈ ਵਾਰ ਤਾ ਬਚਨ ਕਰਦਿਆਂ ਕਰਦਿਆਂ ਹਰੀ ਬਾਬਾ ਦਾ ਗਲਾ ਰੁੰਧ ਜਾਂਦਾ। ਹਰੀ ਬਾਬਾ ਜੀ ਜੁਲਾਈ ੧੯੭੫ ਵਿਚ ਚਲਾਣਾ ਕਰ ਗਏ। ਉਹਨਾਂ ਦੇ ਲੜਕੇ ਟੀਕਮਦਾਸ ਜੀ ਉਸੇ ਪ੍ਰੇਮ ਅਤੇ ਸ਼ਰਧਾ ਨਾਲ ਨਾਮਧਾਰੀ ਉਤਸਵਾਂ ਤੇ ਪਧਾਰਦੇ ਹਨ।

ਇਕ ਗੱਲ ਕੱਲ੍ਹ ਦੀ ਯਾਦ ਆ ਗਈ। ਸ਼ਾਮ ਦੇ ਦੀਵਾਨ ਸਮੇਂ ਜਦੋਂ ਸੰਤ ਹਜ਼ਾਰਾ ਸਿੰਘ ਮਾਫੀ ਨਮਸਕਾਰ ਕਰਕੇ ਜਾਣ ਲਗੇ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ : ਹਜ਼ਾਰਾ ਸਿੰਘ ਜੀ, ਤੁਸੀਂ ਜਿਨਾ ਚਿਰ ਤਬੀਅਤ ਮਨੇ ਉਨਾ ਚਿਰ ਹੀ ਬੈਠਣਾ, ਨਹੀਂ ਤਾਂ ਉਠ ਕੇ ਤੁਰ ਜਾਇਆ ਕਰਨਾਂ। ਹਜ਼ਾਰਾ ਸਿੰਘ ਜੀ ਇਸ ਵੇਲੇ ੭੬ ਕੁ ਸਾਲ ਦੀ ਆਯੂ ਦੇ ਹਨ ਤੇ ਅਜ ਕਲ੍ਹ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਘਟ ਗਿਆ ਹੈ। ਆਯੂ ਦੇ ਅਖੀਰਲੇ ਪੜਾਅ ਵਿਚ ਉਨ੍ਹਾਂ ਵਲੋਂ ਸਤਿਗੁਰੂ ਜੀ ਪ੍ਰਤੀ ਸਤਿਕ ਰ ਅਤੇ ਸ਼ਰਧਾ ਬਹੁਤ ਵਧ ਗਏ ਹਨ। ਪਿਛੇ ਜਿਹੇ ਇਹ ਸੰਗੀਤ ਸਿਖਦੇ ਬੱਚਿਆਂ ਦੇ ਨਿਗਰਾਨ ਸਨ, ਹੁਣ ਇਹ ਡਿਉਟੀ ਸੰਤ ਸਤਨਾਮ ਸਿੰਘ ਦਿੱਲੀ ਨੂੰ ਮਿਲ ਗਈ ਹੈ।

ਅਜ ਫਿਰ ਮੈਂ ਤੇ ਹਰਭਜਨ ਸਿੰਘ ਸੁਖਦੇਵ ਸਿੰਘ ਦੀ ਖਬਰ ਨੂੰ ਗਏ। ਉਸਦੀ ਮਾਤਾ ਬਾਰੇ ਜਾਣਕਾਰੀ ਲਈ। ਅਮਰਜੀਤ ਕੌਰ ਦੇ ਮਾਪੇ ਅਜਕਲ੍ਹ ਲੁਧਿਆਣੇ ਰਹਿੰਦੇ ਹਨ। ਇਹ ਪਹਿਲਾਂ ਅਫਰੀਕਾ ਵਿਚ ਰਹਿੰਦੇ ਸਨ। ਪਿਤਾ ਦਾ ਨਾਮ ਸ. ਸੰਤ ਸਿੰਘ ਹੈ। ਮਾਤਾ ਦਾ ਨਾਮ ਤੇਜ ਕੌਰ ਹੈ। ਸੰਤ ਸਿੰਘ ਸੀ ਅਫਰੀਕਾ ਵਿਚ ਰੇਲਵੇ ਓਵਰਸੀਅਰ ਸਨ। ਰੀਟਾਇਰ ਹੋ ਕੇ ਆਇਆਂ ਨੂੰ ੧੨ ਕੁ ਸਾਲ ਹੋ ਗਏ। ਇਹਨਾਂ ਲੁਧਿਆਣੇ ਆ ਕੇ ਵਰਕਸ਼ਾਪ ਖੋਲ੍ਹ ਲਈ। ਅਮਰਜੀਤ ਕੌਰ ਦੇ ਦਾਦਾ ਸੰਤ ਦਿਆਲ ਸਿੰਘ ਅਤੇ ਦਾਦੀ ਬੀਰੀ ਹਰਦੇਈ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਦੇ ਸਿਖ ਸਨ ਤੇ ਲੁਧਿਆਣੇ ਹੀ ਰਹਿੰਦੇ ਸਨ। ਸਤਿਗੁਰੂ ਹਰੀ ਸਿੰਘ ਜੀ ਜਦ ਲੁਧਿਆਣੇ ਜਾਂਦੇ ਤਾਂ ਕਦੇ ਕਦੇ ਇਹਨਾਂ ਦੇ ਘਰ ਵੀ ਚਰਨ ਪਾਂਦੇ ਇਹਨਾਂ ਦੇ ਸੰਬੰਧ ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਜੀ ਦੇ ਦੂਜੇ ਭਰਾ ਬਾਬਾ ਨੱਥਾ ਸਿੰਘ ਨਾਲ ਵੀ ਹਨ।

੧੯੬੨ ਈ: ਵਿਚ ਬੀਬੀ ਤੇਜ ਕੌਰ ਨੇ ਸਤਿਗੁਰੂ ਜਗਜੀਤ ਸਿੰਘ ਦੇ ਸਨਮੁਖ ਬੇਨਤੀ ਕੀਤੀ ਕਿ ਉਹਦੀ ਲੜਕੀ (ਦੂਜੀ) ਦਾ ਵਿਆਹ ਇਹਨਾਂ ਦੇ ਨਾਲ ਆਏ

Sri Satguru Jagjit Singh Ji Elibrary NamdhariElibrary@gmail.com

ਸੇਵਕ ਸੰਤੋਖ ਸਿੰਘ ਨਾਲ ਕੀਤਾ ਜਾਵੇ। ਇਹਦੇ ਪਿਛੇ ਇਕ ਕਾਰਨ ਸੀ। ਕਦੇ ਕਦੇ ਸੰਤ ਪੂਰਨ ਸਿੰਘ ਜੀ ਪਧਾਣੀਏਂ ਇਹਨਾਂ ਦੇ ਘਰ ਆਉਂਦੇ ਤਾਂ ਲੋਕਾਂ ਦੇ ਪਰਵਾਰਾਂ ਵਿਚ ਪਈਆਂ ਬੇਸੁਆਦੀਆਂ ਨੂੰ ਧਿਆਨ ਵਿਚ ਰਖ ਕਿਹਾ ਕਰਦੇ : ਕੁਸੰਗੀਆਂ ਨੂੰ ਲੜਕੀਆਂ ਵਿਆਹੁਣੀਆਂ ਤਾਂ ਕਸਾਈਆਂ ਨੂੰ ਗਊਆਂ ਫੜਾਨ ਦੇ ਤੁਲ ਹੈ। ਲੜਕੀ ਮਾਸ ਸ਼ਰਾਬ ਪਸੰਦ ਨਾ ਕਰੇ, ਸਹੁਰਾ ਪਰਵਾਰ ਜ਼ਬਰਦਸਤੀ ਖੁਆਏ, ਪਿਆਏ ਜਾਂ ਰਿਨ੍ਹਾਏ ਇਹ ਪਾਪ ਤਾਂ ਮਾਪਿਆਂ ਨੂੰ ਹੀ ਲਗਦਾ ਹੈ।

ਬੀਬੀ ਅਮਰਜੀਤ ਕੌਰ

ਟਿਕ ਦਿਨ ਦੁਪਹਿਰੇ ਸੁੱਤੇ ਪਿਆਂ ਬੀਬੀ ਤੇਜ ਕੌਰ ਨੂੰ ਸੁਪਨਾ ਆਇਆ। ਇਹ ਸੁਪਨਾ ਉਸਦੀਆਂ ਪਹਿਲੀਆਂ ਸੋਚਾਂ ਦਾ ਪ੍ਰਤੀਕਰਮ ਸੀ। ਸੋਚਾਂ ਸਨ ਕਿ ਵਡੀ ਲੜਕੀ ਮਾਸ ਸ਼ਰਾਬ ਦੇ ਸ਼ੌਕੀਨਾਂ ਵਲ ਵਿਆਹ ਦਿਤੀ ਹੈ। ਸੰਤ ਕਹਿੰਦੇ ਸਨ ਇਹ ਪਾਪ ਹੁੰਦਾ ਹੈ। ਹੁਣ ਕੀ ਬਣੇ ? ਅਤੇ ਦੁਪਹਿਰੇ ਸੁਪਨੇ ਵਿਚ ਸਤਿਗੁਰੂ ਜੀ ਨੇ ਆ ਕੇ ਦਰਸ਼ਨ ਦਿਤੇ। ਮਨ ਗਦ ਗਦ ਹੋ ਗਿਆ। ਪਰ ਸੋਚਾਂ ਨੇ ਖਹਿੜਾ ਨਾ ਛਡਿਆ। ਸੁਪਨੇ ਵਿਚ ਹੀ ਅੰਦਰਲੀ ਗੱਲ ਜਾਣ ਕੇ ਸਤਿਗੁਰੂ ਜੀ ਬੋਲੇ: ਤੇਜ ਕੌਰੇ, ਹੁਣ ਹੋਰ ਨਾ ਸੋਚਾਂ ਸੋਚ, ਆਪਣੀ ਦੂਜੀ ਲੜਕੀ ਮੇਰੇ ਸੰਤੋਖ ਸਿੰਘ ਨਾਲ ਵਿਆਹ ਦੇ। ਤੇਜ ਕੌਰ ਜਾਣਦੀ ਸੀ ਕਿ ਸੰਤੋਖ ਸਿੰਘ ਦੋ ਸਾਲ ਤੋਂ ਸਤਿਗੁਰੂ ਜੀ ਦਾ ਲਾਂਗਰੀ ਸੀ।

ਏਨੇ ਚਿਰ ਨੂੰ ਅਮਰਜੀਤ ਨੂ ਚੰਦਾ ਜਮਾਂਤਾਂ ਸਕੂਲ ਕਾਲਿਜ ਦੀਆਂ ਪੜ੍ਹੀ ਹੋਈ ਸੀ, ਨੇ ਆਣ, ਮਾਂ ਨੂੰ ਸੁਪਨਿਆਂ ਦੀ ਦੁਨੀਆ ਵਿਚੋਂ ਤਰੋੜ ਕੇ ਹਕੀਕਤ ਦੀ ਦੁਨੀਆ: ਵਿਚ ਲੈ ਆਂਦਾ। ਉਹ ਰੋਟੀ ਖਾਣ ਦਾ ਸੁਨੇਹਾ ਲੈ ਕੇ ਆਈ ਸੀ। ਮਾਂ, ਪਿਆਰੇ ਸੁਪਨੇ ਵਿਚੋਂ ਜਗਾ ਦਿਤੇ ਜਾਣ ਦੇ ਨਾ-ਖੁਸ਼ ਵੀ ਸੀ ਪਰ ਕਿਉਂਕਿ ਸੁਪਨਾ ਉਹਦੇ ਦਾਰੇ ਹੀ ਸੀ ਇਸ ਲਈ ਉਸਨੂੰ ਪਾਸ ਬੈਠਾ ਕਿ ਦੱਸਿਓ ਸੂ ਕਿ ਤੇਰਾ ਸਾਕ ਤਾਂ ਇਕ ਅਜੇਹੇ ਆਦਮੀ ਵਾਸਤੇ ਮੰਗਿਆ ਗਿਆ ਹੈ ਜੋ ਗੁਰੂ ਕਾ ਲਾਂਗਰੀ ਹੈ। ਅਮਰਜੀਤ ਨੇ ਸਹਿਜ ਭਾਅ ਕਹਿ ਦਿਤਾ : ਜਿਵੇਂ ਸਤਿਗੁਰੂ ਕਹਿੰਦੇ ਹਨ ਤਿਵੇਂ ਕਰੋ।

ਥੋੜੇ ਦਿਨਾਂ ਬਾਦ ਸੰਤ ਪੂਰਨ ਸਿੰਘ ਪਧਾਣੀਏਂ ਫਿਰ ਘਰ ਆਏ। ਮਾਂ ਨੇ ਕੌਤੂਹਲ ਵਸ ਪੁਛਿਆ : ਭਲਾ ਸਤਿਗੁਰਾਂ ਦਾ ਲਾਂਗਰੀ ਕੁਝ ਪੜਿਆ ਵੀ ਹੋਇਐ ? ਸੰਤ ਭੋਲ ਭਾ ਅਤੇ ਸਾਫ ਦਿਲੀ ਵਿਚ ਹੀ ਬੋਲੇ : ਬੜਾ ਪੜ੍ਹਿਆ ਹੋਇਐ।

"ਕੋਈ ਕੰਮ ਕਰਨਾ ਵੀ ਆਉਂਦਾ ਸੂ ?"

ਉਹ ਹਰੇਕ ਕੰਮ ਕਰ ਸਕਦਾ ਹੈ। ਬੜਾ ਕਲਾਵਾਨ ਹੈ। ਤੀਸਰੀ ਵਾਰ ਫਿਰ ਜਾਣਕਾਰੀ ਮੰਗੀ : ਉਹਦੀ ਜਾਤ ਗੋਤ ਕੀ ਹੈ ? ਸੰਤਾਂ ਨੇ ਦੱਸਿਆ : ਬਾਹਲਾਂ ਤਾਂ ਪਤਾ ਨਹੀਂ ਪਰ ਉਹਦਾ ਜਨਮ ਰਾਮਗੜੀਆਂ ਦੇ ਘਰ ਦਾ ਹੈ।

ਤੇਜ ਕੌਰ ਨੂੰ ਬਹੁਤ ਸਾਰੀ ਤਸੱਲੀ ਹੋ ਗਈ। ਸੰਤਾਂ ਪੁਛਿਆ : ਕੀ ਗੱਲ ਹੈ, ਅੱਜ ਸੰਤੋਖ ਬਾਰੇ ਏਨੀ ਦਿਲਚਸਪੀ ਕਿਉਂ ਲਈ ਜਾ ਰਹੀ ਹੈ? ਉਹ ਮੂਢ ਵਿਚ ਸੰਤਾਂ ਦਾ ਚੇਲਾ ਸੀ, ਸੋ ਸੰਤ ਵੀ ਪਤਾ ਕਰਨ ਲਈ ਉਤਸੁਕ ਹੋ ਗਏ। ਤੇਜ ਕੌਰ ਤੋਂ ਕਾਰਨ ਅਤੇ ਵਿਥਿਆ ਸੁਣ, ਸੰਤ ਕਹਿਣ ਲਗੇ: ਪਾਸਾ ਨਾ ਪੁਛ, ਸਤਿਗੁਰਾਂ ਦੇ ਬਚਨਾਂ ਤੇ ਫੁਲ ਚਾੜ੍ਹ।

ਮਾਈ ਤੇਜ ਕੌਰ ਸਤਿਗੁਰਾਂ ਪਾਸ ਅਪੜੀ। ਅਰਜ਼ ਕੀਤੀ : ਆਪਣਾ ਲਾਂਗਰੀ ਮੈਨੂੰ ਦੇ ਦਿਓ। ਸਰਦਾਰ ਜੀ ਅਫਰੀਕਾ ਰਹਿੰਦੇ ਹਨ, ਘਰ ਵਿਚ ਨਿੱਕੇ ਨਿੱਕੇ ਬੱਚੇ ਹਨ। ਘਰ ਦੀ ਸੰਭਾਲ ਲਈ ਮੈਂ ਆਪਜੀ ਦੇ ਲਾਂਗਰੀ ਨਾਲ ਲੜਕੀ ਦਾ ਵਿਆਹ ਕਰਨਾ ਚਾਹੁੰਦੀ ਹਾਂ। ਸਤਿਗੁਰਾਂ ਜ਼ੋਰ ਦਿਤਾ : ਪਹਿਲਾਂ ਆਪਣੇ ਸਰਦਾਰ ਦੀ ਮਰਜ਼ੀ ਤਾਂ ਪੁੱਛ।

ਅਤੇ ਸਰਦਾਰ ਨੇ ਸਾਰੀ ਹਕੀਕਤ ਜਾਣ ਕੇ "ਨਾਂਹ' ਦਾ ਪੱਤਰ ਲਿਖ ਦਿਤਾ। ਦਲੀਲ ਸੀ ; ਅਨਪੜ੍ਹ ਲਾਂਗਰੀ ਨੂੰ ਪੜ੍ਹੀ ਲਿਖੀ ਕੁੜੀ ਦੇਣ ਲਗੀ ਏਂ, ਮੱਤ ਮਾਰੀ ਗਈ ਉ ?

Sri Satguru Jagjit Singh Ji Elibrary NamdhariElibrary@gmail.com

ਚਿੱਠੀਆਂ ਫੇਰ ਚੱਲੀਆਂ । ਮੁਕਦੀ ਗੱਲ ਕਿ ਸਤਿਗੁਰੂ ਜੀ ਨੂੰ ਸ੍. ਸੰਤ ਸਿੰਘ ਦੀ ਚਿਠੀ ਆ ਗਈ : ਮੈਨੂੰ ਪਰਵਾਨ ਹੈ ਜੀ, ਆਮਰਜੀਤ ਦਾ ਸੰਤੋਖ ਸਿੰਘ ਨਾਲ ਵਿਆਹ ਕਰ ਦਿਉ । ਅਜੇ ਇਸ ਚਿੱਠੀ ਤੇ ਸੋਚ ਵਿਚਾਰ ਹੋ ਹੀ ਰਹੀ ਸੀ ਕਿ ਇਕ ਪੱਤਰ ਫੇਰ ਆ ਗਿਆ : ਨਾ, ਨਾ, ਮੇਰੀ ਲੜਕੀ ਨੂੰ ਅਨਪੜ੍ਹ ਨਾਲ ਨਾ ਨੂੜਨਾ ਕਿਸੇ ਅਮੀਰ ਤੇ ਪੜੇ ਲਿਖੇ ਨਾਲ ਲੜਕੀ ਵਿਆਹਵਾਂਗੇ ।

ਤੇਜ ਕੌਰ ਨੇ ਫੇਰ ਅਫਰੀਕਾ ਨੂੰ ਚਿੱਠੀ ਲਿਖੀ : ਚਾਰ ਕੁੜੀਆਂ ਵਿਆਹੁਣੀਆਂ ਨੇ । ਅਮੀਰ ਲਭਦੇ ਲਭਦੇ ਰੋਟੀਓਂ ਵੀ ਵਿਰਵੇ ਨਾ ਹੋ ਬਹਿਓ । ਅਤੇ ਫੇਰ ਚਿੱਠੀ 'ਹਾਂ' ਵਿਚ ਆ ਗਈ । ਸਤਿਗੁਰੂ ਜੀ ਨੇ ਵਿਸ਼ੇਸ਼ ਪੱਕੀ ਕਰਨ ਲਈ ਅਫਰੀਕਾ ਨੂੰ ਤਾਰ ਦੁਆਈ । ''ਹਾਂ'' ਹੋਣ ਤੇ ੧੯੬੨ ਵਿਚ ਵਿਆਹ ਕਰ ਦਿਤਾ ।

ਪਰ ਸ੍. ਸੰਤ ਸਿੰਘ ਦੀ ਦੁਵਿਧਾ ਨੇ ਫਿਰ, ਲੜਾਈ ਦੀ ਸ਼ਕਲ ਧਾਰਨ ਕਰ ਲਈ । ਸਤਿਗੁਰੂ ਜੀ ਦੀ ਪਹੁੰਚ ਅਤੇ ਸ੍ ਸੰਤ ਸਿੰਘ ਦੀ ਦੁਬਿਧਾ ਨੇ ਫਿਰ ਮੰਨ ਮਨੌਤੀ ਕਰ ਲਈ ਅਤੇ ਉਹ ਸਰਦਾਰ ਅਮੀਰੀ ਵਿਚ ਪੈਰ ਧਰਨਾ ਚਾਹੁੰਦਾ ਸੀ, ਅੰਤ ਨੂੰ ਸਤਿਗੁਰੂ ਜੀ ਦਾ ਸ਼ਰਧਾਵਾਨ ਸਿਖ ਬਣ ਗਿਆ । ਹੁਣ ਸਾਰੀਆਂ ਲੜਕੀਆਂ ਨਾਮਧਾਰੀ ਘਰਾਂ ਵਿਚ ਨੇ । ਪਹਿਲੀ ਦੇ ਘਰ ਦੇ ਵੀ ਨਾਮਧਾਰੀ ਬਣ ਗਏ ।

ਸੰਤ ਹਰਨਾਮ ਸਿੰਘ ਜੀ

ਸੰਤ ਸੰਤੋਖ ਸਿੰਘ ਨੇ ਅੱਜ ਸੰਤ ਹਰਨਾਮ ਜੀ ਦੀ ਪਿਛੋਕੜ-ਕਹਾਣੀ ਸੁਣਾਈ : ਹਰਨਾਮ ਸਿੰਘ ਜੀ ਭਾਵੇਂ ਉਸ ਮਾਂ ਦੇ ਲੜਕੇ ਸਨ ਜਿਹੜੀ ਸੰਤ ਹਰਨਾਮ ਸਿੰਘ ਗੜ੍ਹਦੀਵਾਲੇ ਮਹਾਂਪੁਰਖਾਂ ਦੀ ਸੇਵਕਾ ਸੀ ਤੇ ਜਿਸਨੂੰ ਸੰਤਾਂ ਕਦੇ ਆਖਿਆ ਸੀ, 'ਤੇਰੇ ਘਰ ਜੰਮਣ ਤੇ ਜੀ ਕਰਦਾ ਹੈ' ਪਰ ਇਹ ਹਰਨਾਮ ਸਿੰਘ ਜੀ ਜਵਾਨੀ ਵਿਚ ਪੈਰ ਰਖਦਿਆਂ ਹੀ ਮਾਸ-ਸ਼ਰਾਬ ਦੇ ਚੰਗੇ ਛਕਾਉਂਦੇ ਹੋ ਗਏ '। ਸਾਬਤ ਬਜ਼ਰਾ ਖਾਣ ਵਾਲੇ ਜਵਾਨਾਂ ਵਿਚੋਂ ਸਨ, ਘਰ ਦੀ ਕੱਢੀ ਪੀਤੇ ਬਿਨਾ ਇਹਨਾਂ ਦਾ ਦਿਨ ਨਹੀਂ ਸੀ ਲੰਘਦਾ ।

''ਕਹਿੰਦੇ ਨੇ ਇਕ ਦਿਨ ਇਹ ਤੇ ਇਕ ਅਜੀਤੂ ਨਾ ਦਾ ਜਵਾਨ, ਦੋਵੇਂ ਕਿਤੇ ਮੌਜ ਮੇਲੇ ਲਈ ਜਾ ਰਹੇ ਸਨ ਕਿ ਕਿਸੇ ਨੇ ਖੇਤਾਂ 'ਚੋਂ ਆਵਾਜ਼ ਮਾਰ ਕੇ ਸੱਦਿਆ । ਤੀਜੀ ਆਵਾਜ਼ ਤੇ ਗਏ ਤਾਂ ਵੇਖਿਆ ਕੋਈ ਮੁਸਲਮਾਨ ਫਕੀਰ ਮੂੰਹ ਕਾਲਾ ਕਰੀ ਚਿਲਮ ਦੇ ਸੂਟੇ ਲਾ ਰਿਹਾ ਸੀ । ਉਸਨੇ ਹਰਨਾਮ ਸਿੰਘ ਨੂੰ ਵੇਖਕੇ ਆਖਿਆ : ਤੇਰੇ ਭਾਗ ਬਾਈਵੇਂ ਸਾਲ ਵਿਚ ਚਮਕਣੇ ਹਨ । ਤਦ ਤਕ ਜੋ ਜੋ ਕਰਨਾ ਈ ਕਰ ਲੈ । ਇਕ ਨਾਨਕ/ ਫਕੀਰ ਤੇਰੇ ਭਾਗ ਜਗਾਵੇਗਾ । ਇਹ ਸੁਣਕੇ ਹਰਨਾਮ ਸਿੰਘ ਕਹਿਣ ਲੱਗਾ : ਛੱਡ ਉਏ ਬੁਢਿਆ ਫਕੜਾ, ਆਪ ਤਾਂ ਤੂੰ 'ਗੰਧੀ ਚੁੰਘਣੇਂ' (ਨਿਹੰਗ ਬੋਲਾਂ 'ਚਿਲਮ' ਵਾਸਤੇ) ਨਹੀਂ ਹਟਦਾ ਮੇਰੀ ਕਿਸਮਤ ਦੇ ਕੀ ਹਾਲ ਦਸਦਾ ਏਂ ।

''ਪਿਛੋਂ ਹਰਨਾਮ ਸਿੰਘ ਨੇ ਦਸਿਆ ਕਿ ਫਕੀਰ ਨੇ ਉਹਨਾ ਦੇ ਸਾਹਵੇਂ ਹੀ ਚਿਲਮ ਮੂਧੀ ਕਰ ਦਿਤੀ ਪਰ ਇਹ ਦੀਆਂ ਅੱਖਾਂ ਨੇ ਚਿਲਮ ਦੀ ਸੁਆਹ ਨਹੀਂ ਵੇਖੀ ਗੁੱਲਾ ਦੇ ਖਿੜੇ ਹੋਏ ਫੁਲ ਤਰ੍ਹਾਂ ਉਹਦੀ ਚਿਲਮ ਲੱਗੀ । ਪਰ ਇਹ ਅਜਮਤ ਅਗੇ ਝੁਕੇ ਨਹੀਂ । ਘਰ ਆ ਕੇ ਹਰਨਾਮ ਸਿੰਘ ਨੇ ਆਪਣੀ ਮਾਂ ਨੂੰ ਪੁਛਿਆ : ਮਾਂ, ਮੈਂ ਬਾਈਆਂ ਸਾਲਾਂ ਦਾ ਕਦੋਂ ਹੋਣਾ ਹੈ ? ਪਿਤਾ ਪ੍ਰੇਮ ਸਿੰਘ ਮਿਲਿਆ ਤਾਂ ਉਸਨੂੰ ਸਵਾਲ ਕੀਤਾ : ਦੱਸੋ ਨਾ ਬਾਪੂ ਜੀ ਕਦੋਂ ਹੋਣਾ ਹੈ ਮੈਂ ਬਾਈਆਂ ਸਾਲਾ ਦਾ ? ਜਦੋਂ ਉਹਨਾਂ ਬਾਰ ਬਾਰ 'ਬਾਈਆਂ' ਦੀ ਰਟ ਦਾ ਕਾਰਨ ਪੁਛਿਆ ਤਾਂ ਇਸ ਦਸਿਆ ਕਿ ਇਹ ਟਿਹਦੀਆਂ ਆਦਤਾਂ ਦੀਆਂ ਤਬਦੀਲੀਆਂ ਦਾ ਸਾਲ ਹੋਣਾ ਹੈ ।

''ਪਿਤਾ ਗੁਰੂ ਗੋਬਿੰਦ ਸਿੰਘ ਜੀ ਅਗੇ ਅਤੇ ਗੁਰੂ ਨਾਨਕ ਦੇਵ ਜੀ ਪਾਸ ਨਿਤ ਅਰਦਾਸ ਕਰਦਾ ਸੀ : ਸਾਡੇ ਹਰਨਾਮ ਨੂੰ ਸੁਮੱਤ ਬਖਸ਼ੋ ਨਹੀਂ ਤਾਂ ਸਭ ਕਮਾਈ ਸ਼ਰਾਬ ਮਾਸ ਦੇ ਲੇਖੇ ਲਗ ਜਾਵੇਗੀ । ਅਤੇ ਪਿਤਾ ਨੇ ਪੁਤਰ ਨੂੰ ਕਿਹਾ : ਅਸੀਂ ਤਾਂ ਆਂਹਦੇ ਹਾਂ ਤੇਰਾ ਬਾਈਵਾਂ ਸਾਲ ਤੈਨੂੰ ਹੁਣੇ ਲਗ ਜਾਵੇ ।

''ਪੂਰਬ ਕਰਮ ਅੰਕੁਰ ਜਥ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ । ਇਕ ਦਿਨ ਸੰਤ ਪੂਰਨ ਸਿੰਘ ਪਧਣੇ ਵਾਲੇ ਇਹਨਾਂ ਦੇ ਘਰ ਆਣ ਉਤਰੇ । ਉਨ੍ਹਾਂ ਨੂੰ ਅੜਵੰਗ ਹਰਨਾਮ ਸਿੰਘ ਨਾਲ ਬੜਾ ਲੰਮਾ ਪਿਆਰ ਦਾ ਜੰਗ ਲੜਨਾ ਪਿਆ । ਅੰਤ ਸੰਤ ਪੂਰਨ ਸਿੰਘ ਹੁਰਾਂ ਨੂੰ ਸਫਲਤਾ ਮਿਲੀ । ਹਰਨਾਮ ਸਿੰਘ ਘਰ ਬਾਰ ਛੱਡ ਕੇ ਸੰਤਾਂ ਦੇ ਜੱਥੇ ਵਿਚ ਸ਼ਾਮਲ ਹੋ ਗਿਆ । ਅਤੇ ਇਹੋ ਹਰਨਾਮ ਸਿੰਘ ਜੀ ਮਹਾਂਪੁਰਖ ਬਣਕੇ ਸਮੇਤ ਆਪਣੇ ਛੋਟੇ ਭਰਾ ਦਰਸਨ ਸਿੰਘ ਜੀ ਦੇ ਗੁਰੂ ਕੇ ਲੰਗਰ ਨਾਲ ਅਭੇਦ ਹੋਏ ਪਏ ਹਨ ।''

ਸਾਧੂ ਕਿਵੇਂ ਦੇਂਤਾਂ ਨੂੰ ਆਪਣੀ ਸੰਗਤ ਬਖਸ਼ ਕੇ ਦੇਵ-

Sri Satguru Jagjit Singh Ji Elibrary NamdhariElibrary@gmail.com

ਬੁੱਧ ਬਣਾਂਦੇ ਹਨ, ਇਹ ਸੁਣ ਕੇ ਅਸੀਂ ਸੰਤ ਸੰਤੋਖ ਸਿੰਘ ਦੇ ਘਰੋਂ ਨਿਕਲੇ ਤਾਂ ਸਤਿਗੁਰੂ ਜੀ ਨੂੰ ਦੇਖੇ ਨਾ ਜਾਣਕੇ ਸਾਈਕਲ ਮੰਗ ਕੇ ਨੀਲੋਂ ਦੇ ਪੁਲ ਨੂੰ ਚਲ ਪਏ। ਹਰੇ ਹਰੇ ਭਰਪੂਰ ਕਣਕ ਖੇਤਾਂ ਵਿਚਦੀ ਲੰਘਦੀ ਪਹਿਲਾਂ ਭੈਣੀ ਸਾਹਿਬ ਕਟਾਣੀ ਸੜਕ ਅਤੇ ਫਿਰ ਲੁਧਿਆਣਾ-ਚੰਡੀਗੜ੍ਹ ਮਾਰਗ ਉਤੇ ਹੌਲੀ ਹੌਲੀ ਪੈਡਲ ਮਾਰਦੇ, ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਨਹਿਰ ਸਰਹੰਦ ਦੇ ਪੁਲ ਤੇ ਜਾ ਅਪੜੇ। ਬੜੀ ਰੌਣਕ ਸੀ। ਟੂਰਿਸਟ ਰੀਸਾਰਟ ਉਤੇ ਵੀ ਗਹਿਮਾ ਗਹਿਮ ਅਤੇ ਮਿਲਕ ਬਾਰ ਉਤੇ ਵੀ ਰੌਣਕਾਂ। ਫੁਲ ਖੇੜਾ ਜੁਟਾ ਰਹੇ ਸਨ, ਸਵੰਦੇ ਝੂਮ ਝੂਮ ਕੇ ਆਇਆਂ ਲੋਕਾਂ ਦਾ ਸੁਆਗਤ ਕਰ ਰਹੇ ਸਨ। ਅਸੀਂ ਪਾਰਲੇ ਕੰਢੇ ਗਏ ਜਿਥੇ ਖੋਖਾ-ਦੁਕਾਨਾਂ ਸਨ। ਖਲੋਕੇ ਲੋਕਾਂ ਦੀ ਆਵਾਜਾਈ ਦਾ ਨਜ਼ਾਰਾ ਲਿਆ। ਗੱਡੀਆਂ-ਕਾਰਾਂ ਦੇ ਗੁਜ਼ਰਨ ਤੋਂ ਖਿਨਾਂ ਜੇ ਪ੍ਰਤਖ ਖੀਜ਼ ਨਜ਼ਰ ਪਈ ਉਹ ਇਹ ਸੀ ਕਿ ਚਿੱਟੇ ਲੀੜਿਆ ਵਾਲੇ ਪਰਵਾਣਾਂ ਦੇ ਪਰਵਾਰ ਟਰੈਕਟਰਾਂ ਟਰਾਲੀਆਂ ਤੇ ਪਰਾਲੀ ਲੱਦੀ ਨੀਲੋਂ ਦਾ ਪੁਲ ਲੰਘਕੇ ਭੈਣੀ ਸਾਹਿਬ ਵਲ ਜਾ ਰਹੇ ਸਨ ਤੇ ਰੰਗਦਾਰ ਕਪੜਿਆਂ ਵਾਲੇ ਲੋਕ, ਟਰਾਲੀਆਂ, ਟਰੱਕਾਂ ਅਤੇ ਬੱਸਾਂ ਦੁਆਰਾ ਨਹਿਰ ਦੇ ਪੂਰਬੀ ਕੰਢ ਪਟੜੀ ਪੈ ਕੇ ਆਨੰਦਪੁਰ ਹੌਲੇ ਵਾਸਤੇ ਉਡੇ ਜਾ ਰਹੇ ਸਨ। ਨਾਮਧਾਰੀ ਹੌਲਾ ਕੱਲ ਤੋਂ ਸ਼ੁਰੂ ਹੋਣਾ ਹੈ। ਬੜੇ ਘੱਟ ਪ੍ਰਾਪੇਗੰਡੇ ਨਾਲ, ਫਿਰ ਵੀ ਅੱਜ ਸਾਧ ਸੰਗਤ ਭੈਣੀ ਸਾਹਿਬ ਵਿਚ ਇਕਤਰ ਹੋ ਰਹੀ ਸੀ।

ਬ੍ਰੀ ਰਾਮ ਰਾਮ ਜੀ

ਭੈਣੀ ਸਾਹਿਬ ਵਿਚ ਇਕ 'ਰਾਮ ਰਾਮ' ਜੀ ਹਨ ਜੋ ਇਸ ਘੜੀ ੭੫ ਸਾਲਾਂ ਦੇ ਹਨ ਤੇ ਭੈਣੀ ਸਾਹਿਬ ਵਿਚ ਸਾਧਾਰਨ ਪਾਠ, ਅਖੰਡ ਪਾਠ, ਕਥਾ ਵਾਰਤਾ ਆਦਿ ਕੀਤਾ ਕਰਦੇ ਹਨ। ਭੈਣੀ ਸਾਹਿਬ ਤੋਂ ਬਾਹਰ ਵੀ ਨਾਮਧਾਰੀ ਮਰਿਆਦਾ ਅਨੁਸਾਰ ਪਾਠ ਕਰਨ ਕਰਵਾਣ ਲਈ ਜਾਂਦੇ ਹਨ। ਬਾਹਰੋਂ ਜਾਂ ਏਥੋਂ ਜੋ ਵੀ ਭੇਟਾ-ਪੂਜਾ ਮਿਲੇ ਗੁਰੂ ਕੇ ਲੰਗਰ ਦੇ ਅਰਪਣ ਕਰਦੇ ਹਨ। ਪੰਡਿਤ ਜੀ ਅਤੇ ਪੂਰਬ ਦੀ ਗੋਰ ਮੌਜੂਦਗੀ ਸਮੇ ਗੁਰੂ ਕੀ ਹਜ਼ੂਰੀ ਵਿਚ ਦੀਵਾਨਾਂ ਦੀ ਅਰਦਾਸ ਵੀ ਕਰਦੇ ਹਨ। ਮੈਂ ਇਹਨਾ ਨੂੰ ਪੁਛਿਆ : ਤੁਹਾਡਾ ਅਸਲ ਨਾਂ ਕੀ ਹੈ ? ਕਹਿਣ ਲੱਗੇ : ਮੇਰਾ ਨਾਂ ਤਾਂ ਰਾਮ ਜੀ ਦਾਸ ਸੀ ਤੇ ਜਿਨ੍ਹਾਂ ਕੋਲੋਂ ਮੈਂ ਅੱਖਰ ਗਿਆਨ ਹਾਸਲ ਕੀਤਾ ਉਹਨਾਂ ਦਾ ਨਾਂ ਵੀ ਰਾਮ ਜੀ ਦਾਸ ਸੀ। ਮੇਰਾ ਜਨਮ ਰਾਮਗੜ੍ਹੀਆ ਕੁਲ ਵਿਚੋਂ ਹੈ ਪਿਤਾ ਦਾ ਨਾਂ ਤਾਂ ਕ੍ਰਿਸ਼ਨ ਸਿੰਘ ਪਰ ਮੈਂ ਰਾਮ ਜੀ ਦਾਸ ਹੀ ਹੋ ਗਿਆ। ਉਸਤਾਦ ਤੋਂ ਵੱਖਰਾ ਨਾਮ ਪਰਗਟ ਕਰਨ ਲਈ ਮੈਨੂੰ "ਰਾਮ ਰਾਮ" ਕਿਹਾ ਜਾਣ ਲੱਗਾ ਅਤੇ ਏਥੇ ਵੀ ਮੇਰਾ ਇਹੋ ਨਾਂ ਪ੍ਰਸਿਧ ਹੋ ਗਿਆ। ਹਰਜ ਵੀ ਕੀ ਹੈ ਮੇਰਾ ਨਾਂ ਲਿਆ ਅਕਾਲ-ਪੁਰਖ ਦਾ ਨਾਮ ਆਪਣੇ-ਆਪ ਲਿਆ ਜਾਂਦਾ ਹੈ।

ਇਹ ਬਜ਼ੁਰਗ ਜਾਮਣਾ ਦੇ ਸ਼ੂਟੇ ਹੇਠ ਬੈਠਾ ਇਕ ਨੌਜਵਾਨ ਨੂੰ ਆਦਿ ਗ੍ਰੰਥ ਸਾਹਿਲ ਜੀ ਦਾ ਪਾਠ ਕਰਨਾ ਸਿਖਾ ਰਿਹਾ ਸੀ।

ਸਤਿਗੁਰੂ ਜੀ ਦੀ ਉਦਾਰਤਾ

ਹਰਭਜਨ ਸਿੰਘ ਸਿਤਾਰ ਨਾਲ ਗੱਲ ਚਲਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਬਾਰੇ ਗੱਲ ਚੱਲ ਪਈ। ਉਹ ਤੜੱਕ ਬੋਲਿਆ : ਕਿਨ ਹੋਣੇਂ ਸਤਿਗੁਰੂ ਜੀ ਵਰਗਾ। ਹੋਰਨਾਂ ਦੀ ਮਦਦ ਹੀ ਕਰਦੇ ਹਨ ਪਰ ਜਦੋਂ ਕਦੇ ਸਾਨੂੰ ਵੀ ਜ਼ਰੂਰਤ ਪਈ ਹੈ, ਪੰਜ ਪੰਜ ਸੌ ਰੁਪਿਆ ਮਹੀਨਾ ਦੇਣ ਤੋਂ ਇਲਾਵਾ ਇਹਨਾਂ ਸਾਡੀ ਮੰਗ ਤੋਂ ਦੂਣੀ ਰਕਮ ਦਿਤੀ ਹੈ। ਇਕ ਦਿਨ ਅਸੀਂ (ਮੈਂ ਤੇ ਗੁਰਦੇਵ) ਸਤਿਗੁਰੂ ਜੀ ਨਾਲ ਊਂਟੀ ਵਿਚ ਸਾਂ। ਇਹ ਤਾਮਲਨਾਡੂ ਦਾ ਸ਼ਹਿਰ ਊਟਾਕਮੰਡ ਹੈ, ਤਾਂ ਸਾਨੂੰ ਥੋੜੀ ਰਕਮ ਦੀ ਲੋੜ ਪਈ। ਕੁਛ ਖਰੀਦਣਾ ਸੀ ਪਰ ਜੇਬਾਂ ਖਾਲੀ ਸਨ। ਸਤਿਗੁਰੂ ਜੀ ਨੂੰ ਕੇਵਲ ਪੰਜਾਹ ਰੁਪੈਆਂ ਵਾਸਤੇ ਅਰਜ਼ ਕੀਤੀ। ਉਹਨਾਂ ਆਪਣੇ ਖਜ਼ਾਨਚੀ ਨੂੰ ੧੦੦ ਰੁਪੈਆ ਦੇਣ ਦੀ ਆਗਿਆ ਕੀਤੀ। ਸੰਤ ਮਹਿੰਦਰ ਸਿੰਘ ਪੂਰਵਾ ਜੁ ਹਜ਼ੂਰ ਦਾ ਖਜ਼ਾਨਚੀ ਹੈ, ਖਰਚ ਵਲੋਂ ਕੁਛ ਤੰਗੀ ਮਹਿਸੂਸ ਕਰ ਰਿਹਾ ਸੀ। ਸਤਿਗੁਰਾਂ ਫ਼ਰਮਾਇਆ : ਤੂੰ ਇਹਨਾਂ ਨੂੰ ਤਾਂ ੧ ੦/ ਦੇਹ ਆਪਣਾ ਸਰ ਜਾਵੇਗਾ।

ਇਹ ਲਿਖਦਿਆਂ ਮੈਨੂੰ ਦਰਸ਼ਨ ਸਿੰਘ (ਮਹਿਰਿਆਂ ਦੇ ਘਰ ਦਾ ਜਨਮ) ਭੈਣੀ ਸਾਹਿਬ ਦਾ, ਯਾਦ ਆ ਗਿਆ ਏ। ੨੦.੩.੭੮ ਨੂੰ ਜਦੋਂ ਮੈਂ ਕਟਾਣੀਓਂ, ਉਹਦੇ ਰਿਕਸ਼ੇ ਤੇ ਭੈਣੀ ਸਾਹਿਬ ਆ ਰਿਹਾ ਸਾਂ ਤਾਂ ਸਹਿਜ ਭਾ ਪੁਛ ਬੈਠਾ :

'ਇਹ ਰਿਕਸ਼ਾ ਬੈਂਕ ਤੋਂ ਰਕਮ ਲੈ ਕੇ ਬਣਾਇਆ ਈ ?'

'ਨਹੀਂ ਜੀ, ਬੈਂਕ ਤਾਂ ਸਾਡੇ ਪਾਸ ਇਕੋ ਹੈ ਅਤੇ ਉਹ ਬੈਂਕ ਆਪਣੇ ਆਪ ਰਕਮ ਦਿੰਦਾ ਹੈ।'

ਅਤੇ ਦਰਸ਼ਨ ਸਿੰਘ ਨੇ ਆਪਣਾ ਦਿਲ ਖੋਲ੍ਹ ਕੇ ਰੱਖ ਦਿੱਤਾ :

Sri Satguru Jagjit Singh Ji Elibrary NamdhariElibrary@gmail.com

'ਮੈਂ ਜ਼ਿਲਾ ਗੁਰਦਾਸਪੁਰ ਦਾ ਵਸਨੀਕ ਹਾਂ! ਘਰੋਂ ਲੜ ਕੇ ਆ ਗਿਆ ਸਾਂ, ਭੈਣੀ ਸਾਹਿਬ ਆ ਕੇ ਫਲ ਵੇਚਿਆ ਕਰਦਾ ਸਾਂ। ਮੇਲੇ ਹੋਲਿਆਂ ਵਿਚ ਵਧੇਰੇ ਵੱਟਕ ਹੋ ਜਾਂਦੀ! ਇਕ ਦਿਨ ਸਤਿਗੁਰੂ ਜੀ ਨੇ ਸਦ ਕੇ ਆਖਿਆ: ਕਾਕਾ, ਫਲਾਂ ਨੂੰ ਛੱਡ, ਰਿਕਸ਼ਾ ਬਣਾ ਲੈ ਅਤੇ ਕਟਾਣੀ ਤੋਂ ਭੈਣੀ ਸਾਹਿਬ ਨੂੰ ਸਵਾਰੀਆਂ ਢੋਂਦਾ ਰਿਹਾ ਕਰ। 'ਸੱਚੇ ਪਾਤਸ਼ਾਹ ਰਿਕਸ਼ਾ ਲਈ ਪੈਸੇ?' ਮੈਂ ਅਰਜ਼ ਕੀਤੀ ਤਾਂ ਹਜ਼ੂਰ ਨੇ ਆਪਣੇ ਖਜ਼ਾਨਚੀ ਨੂੰ ਹੁਕਮ ਦੇ ਕੇ ਮੈਨੂੰ ੮੦੦ ਰੁਪੈ ਦਿਵਾ ਦਿਤੇ। ਤਦ ਤੋਂ ਮੌਜ ਬਣੀ ਹੋਈ ਹੈ। ਰਿਕਸ਼ਾ ਖਰੀਦ ਲਿਆ। ਵਿਆਹ ਹੋ ਗਿਆ। ਘਰ ਖਰੀਦ ਲਿਆ ਹੈ। ਦੋ ਬੱਚੇ ਵੀ ਹੋ ਗਏ ਨੇ ਅਤੇ ਮੈਂ ਮੌਜ ਨਾਲ ਜ਼ਿੰਦਗੀ ਬਤੀਤ ਕਰ ਰਿਹਾ ਹਾਂ।'

ਇਸ ਦੇ ਨਾਲ ਹੀ ਮੈਨੂੰ ਆਪਣੇ ਨਾਲ ਘਟੀ ਇਕ ਘਟਨਾ ਚੇਤੇ ਆ ਗਈ। ਸੰਨ ੧੯੭੪ ਵਿਚ ਮੈਂ ਕਮਿਊ-ਨਿਸਟ ਪਾਰਟੀ ਆਫ ਇੰਡੀਆ ਦੇ 'ਨਵਾਂ ਜ਼ਮਾਨਾ' ਅਖਬਾਰ ਨਾਲ ਸੰਬੰਧਤ ਇਕ ਕੋਆਪਰੇਟਿਵ ਪ੍ਰੈਸ ਦਾ ਮੈਨੇਜਰ ਸਾਂ। ਕੋਆਪਰੇਟਿਵ ਦਾ ਪੂਰਾ ਨਾਂ ਹੈ: ਦੀ ਅਵਾਮੀ ਕੋਆਪਰੇਟਿਵ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸੋਸਾਇਟੀ ਲਿਮਟਿਡ, ਜਲੰਧਰ ਅਤੇ ਇਸ ਸੁਸਾਇਟੀ ਦਾ ਸਕੱਤਰ ਵੀ ਮੈਂ ਹੀ ਸਾਂ। ਸਤਿਗੁਰੂ ਜੀ ਦੇ ਉਸ ਵੇਲੇ ਦੇ ਹਜ਼ੂਰੀ ਸਕੱਤਰ ਗੁਰਭਜਨ ਸਿੰਘ ਦੁਆਰਾ ਸੰਦੇਸ਼ ਪੁਜਾ ਕਿ ਮੈਂ ਜੂਨ-ਜੁਲਾਈ ਦੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਦੌਰੇ ਸਮੇਂ ਸ੍ਰੀ ਹਜ਼ੂਰ ਦੇ ਨਾਲ ਜਾਣਾ ਹੈ, ਆਪਣਾ ਪਾਸਪੋਰਟ ਤਿਆਰ ਕਰਵਾ ਲਵਾਂ।

ਅਤੇ ਦੋ ਮਹੀਨਿਆਂ ਦਾ ਇਹ ਟੂਰ, ਬਿਨਾਂ ਇਕ ਦਮੜੀ ਪਲਿਓਂ ਖਰਚਿਆਂ, ਸਤਿਗੁਰੂ ਜੀ ਨਾਲ ਕੀਤਾ। ਵਾਪਸੀ ਦੇ ਦਿਨੀਂ ਮੇਰਾ ਫਿਕਰ ਸੀ ਕਿ ਇਸ ਵਾਰ ਮੇਰੀ ਸੁਸਾਇਟੀ ਮੈਨੂੰ ਮੇਰੀ ਪ੍ਰੈਸ ਤੋਂ ਗੈਰਹਾਜ਼ਰੀ ਦੇ ਆਧਾਰ ਤੇ ਦੋ ਮਹੀਨੇ ਦੀ ਤਨਖਾਹ ਨਹੀਂ ਦੇਵੇਗੀ। (ਪਹਿਲਾਂ ੧੯੭੨ ਵਿਚ ਜਦੋਂ ਮੈਂ ਥਾਈਲੈਂਡ, ਮਲੇਸ਼ੀਆ, ਸਿੰਘਾਪੁਰ ਦਾ ਟੂਰ ਕੀਤਾ ਸੀ ਤਾਂ ਮੇਰੇ ਸਾਥੀਆਂ ਨੇ ਮੈਨੂੰ ਦੋ ਮਹੀਨੇ ਦੀ ਤਨਖਾਹ ਦੇ ਦਿਤੀ ਸੀ, ਪਰ ਐਤਕਾਂ ਨਾਂਹ ਹੋਣ ਦਾ ਡਰ ਸੀ)। ਕੈਨੇਡਾ ਤੋਂ ਵਾਪਸ ਆ ਕੇ ਯੂ. ਕੇ. ਵਿਚ ਇਕ ਦਿਨ ਸੋਚਿਆ ਕਿ ਜੇ ੧੦੦੦ ਰੁਪੈ ਸਤਿਗੁਰੂ ਜੀ ਵਲੋਂ ਮਿਲ ਜਾਵੇ ਤਾਂ ਮੈਂ ਘਰ ਜਾਕੇ ਕੁਛ ਲੈਣ ਦੇਣ ਭੁਗਤਾ ਲਵਾਂ। ਪ੍ਰੰਤੂ ਸਤਿਗੁਰੂ ਜੀ ਨੇ ਬਿਨਾਂ ਮੇਰੇ ਕਿਸੇ ਤਰ੍ਹਾਂ ਦੇ ਪ੍ਰਗਟਾਵੇ ਦੇ ਭਾਰਤ ਵਾਪਸੀ ਤੋਂ ਇਕ ਦਿਨ ਪਹਿਲਾਂ ਕਹਿ ਦਿਤਾ: ਦਸੀਂ ਨਾ ਕਿਸੇ ਨੂੰ ਪਰ ਜੇ ਘਰ ਜਾ ਕੇ ਤੈਨੂੰ ਦੋ ਕੁ ਹਜ਼ਾਰ ਮਿਲ ਜਾਵੇ ਤਾਂ ਤੇਰਾ ਸਰ ਜਾਵੇਗਾ?

ਸੁਭਾਵਕ ਸੀ ਮੈਂ ਇਹ ਸੁਣ ਕੇ ਅਨੰਦਤ ਵੀ ਹੁੰਦਾ ਤੇ ਕ੍ਰਿਤਗਯ ਵੀ। ਪਰ ਮੇਰੇ ਬਿਨਾਂ ਕੁਛ ਕਹਿਣ ਤੋਂ ਇਸ ਤਰ੍ਹਾਂ ਕੀਤੀ ਗਈ ਮੇਰੀ ਮਦਦ ਨੇ ਮੈਨੂੰ ਸਤਿਗੁਰੂ ਜੀ ਦੇ ਅੰਤਸਤਲ ਦਾ ਪਤਾ ਦੇ ਦਿਤਾ।

ਅਮਰ ਭਾਰਤੀ ਦੀ ਚਿੱਠੀ

ਭੈਣੀ ਸਾਹਿਬ ਆਪਣੇ ਡੇਰੇ ਆਇਆਂ ਮੈਨੂੰ ਆਪਣੇ ਮਿੱਤਰ ਡਾ: ਅਮਰ ਭਾਰਤੀ ਦੀ ਚਿੱਠੀ ਮਿਲੀ। ਲਿਖਿਆ ਸੀ: ਆਸ ਹੈ ਅਨੰਦ ਕੁਸ਼ਲ ਹੋਵੋਗੇ ਅਤੇ ਆਪਣੇ ਪ੍ਰੋਗਰਾਮ ਅਨੁਸਾਰ ਆਪਣੇ ਦੌਰੇ ਦਾ ਪ੍ਰੋਗਰਾਮ ਮੁਕਾ ਕੇ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ-ਸੰਗ ਮਾਣ ਰਹੇ ਹੋਵੋਗੇ।

'ਚੰਡੀਗੜ੍ਹ ਤੋਂ ਬਲਜੀਤ ਸਿੰਘ ਬਾਲੀ ਆਏ ਸਨ ਕਲ੍ਹ। ਉਹਨਾਂ ਨਾਲ ਉਸ ਅਭਿਨੰਦਨ ਗਰੰਥ ਦੀ ਯੋਜਨਾ ਦੀ ਗੱਲ ਕੀਤੀ ਸੀ। ਉਹ ਖੁਸ਼ੀ ਨਾਲ ਹੱਥ ਵਟਾਣ ਲਈ ਰਾਜ਼ੀ ਹਨ ਤੇ ਕਹਿੰਦੇ ਹਨ ਕਿ ਹੋਰ ਚੰਗੇ ਵਿਦਵਾਨਾਂ ਦੇ ਲੇਖ ਲਿਖਵਾ ਕੇ ਦੇਣਗੇ ਚੰਡੀਗੜ੍ਹ ਤੋਂ। ਮੈਂ ਉਹਨਾਂ ਨੂੰ ਭੈਣੀ ਸਾਹਿਬ ਜਾਣ ਲਈ ਆਖਿਆ ਸੀ ਤੇ ਉਹ ਰਾਜ਼ੀ ਹਨ ਜਾਣ ਲਈ। ਤੁਸੀਂ ਉਂਜ ਤਾਂ ਉਹਨਾਂ ਦੇ ਕਾਫੀ ਨੇੜੇ ਓ, ਫਿਰ ਵੀ ਉਹਨਾਂ ਨੂੰ ਝਿਜਕ ਜਿਹੀ ਸੀ ਓਥੇ ਟਿਕਣ ਬਾਰੇ, ਮੰਜੇ ਬਿਸਤਰੇ ਬਾਰੇ। ਮੈਂ ਤੁਹਾਡਾ ਨਾਮ ਲੈਕੇ ਉਹਨਾਂ ਨੂੰ ਨਿਸਚਿੰਤ ਕਰ ਦਿਤਾ ਹੈ। ਤੁਹਾਡੀਆਂ ਦੋਵੇਂ ਪੁਸਤਕਾਂ ਵੀ ਆਪਣੇ ਵਲੋਂ ਉਹਨਾਂ ਨੂੰ ਭੇਟ ਕਰ ਦਿਤੀਆਂ ਹਨ। ਉਹਨਾਂ ਕੋਲ ਭਵਿੱਖ ਲਈ ਕਈ ਪ੍ਰੋਗਰਾਮ ਹਨ। ਸੁਣ ਕੇ ਜੇ ਠੀਕ ਲਗਣ ਤਾਂ ਸਾਂਝ ਪਾ ਲੈਣੀ ਉਹਨਾਂ ਪ੍ਰੋਗਰਾਮਾਂ ਨਾਲ।

"ਤਾਰਾ ਸਿੰਘ ਕਮਾਲ ਮਿਲੇ ਸਨ। ਉਹਨਾਂ ਕੋਲ ਸਤਿਗੁਰਾਂ ਨਾਲ ਕਰਨ ਲਈ ਇਕ ਜ਼ਰੂਰੀ ਗਲ ਹੈ। ਜੇ ਉਹਨਾਂ ਨੂੰ ਸਦਾ ਦੇ ਕੇ ਭੈਣੀ ਸਾਹਿਬ ਹੀ ਬੁਲਾ ਲਓ ਤਾਂ ਗਲ ਵਧੀਆ ਹੋ ਜਾਵੇਗੀ। ਮੈਂ ਆਪਣੀ ਕਿਤਾਬ ਦੇ ਕੰਮ ਵਿਚ ਫਿਰ ਤੋਂ ਲਗ ਪਿਆ ਹਾਂ।

"ਰਾਜੋਰੀ ਗਾਰਡਨ ਚੌਥ ਗਿਆ ਸਾਂ। ਗੁਰਦੇਵ

Sri Satguru Jagjit Singh Ji Elibrary NamdhariElibrary@gmail.com

(ਸਰੋਦ) ਬੰਬਈ ਤੁਸੀਂ ਹਰਭਜਨ (ਸਿਤਾਰ) ਭੈਣੀ ਸਾਹਿਬ ਤੇ ਮੈਂ

ਕੱਲਾ

ਸਤਿਗੁਰਾਂ ਦੇ ਚਰਨਾਂ ਵਿਚ ਮੇਰੀ ਨਮਸਕਾਰ ਆਖਣੀ।

ਅਮਰ ਭਾਰਤੀ

੨੧.੩.੭੮

ਅਖੰਡ ਪਾਠ

ਨਾਮਧਾਰੀਆਂ ਵਿਚ ਵੀ ਸੁਖਣਾਂ ਦੇ ਸਾਧਾਰਣ ਜਾਂ ਅਖੰਡ ਪਾਠ ਕਰਨ ਦਾ ਰਿਵਾਜ ਹੈ। ਲੋੜਵੰਦ, ਜੋ ਸਮਝਦੇ ਹਨ ਕਿ ਉਹ ਇਹ ਪ੍ਰਬੰਧ ਆਪਣੇ ਘਰੀਂ ਨਹੀਂ ਕਰ ਸਕਦੇ, ਉਹ ਸਮੇਂ ਸਮੇਂ, ਮਹਿੰਗਾਈ ਨਾਲ ਮੇਲੀਆਂ ਗਈਆਂ ਰਕਮਾਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਨੂੰ ਭੇਜਕੇ ਇੱਛਤ ਚੀਜ਼ ਕਰਵਾ ਲੈਂਦੇ ਹਨ। ਅਤੇ ਹੋਲਿਆਂ ਮੱਲਿਆਂ ਦੇ ਦਿਨੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਮ ਨਿਵਾਸ ਗੋਲ ਛੱਪਰ, ਵਿਚ ਅਖੰਡਪਾਠ ਹੋ ਜਾਂਦੇ ਹਨ। ਕਲ ਤੋਂ ਏਥੇ ਦੋ ਅਖੰਡ ਪਾਠ ਜਾਰੀ ਸਨ ਪਰ ਅਜ ਦੋ ਹੋਰ ਪਰਾਰੰਭ ਹੋ ਗਏ ਹਨ। ਮੋਲੇ ਸਮੇਂ ਕਾਫੀ ਪਾਠੀ ਸਿੰਘ ਮਿਲ ਜਾਂਦੇ ਹਨ। ਕੜਾਹ ਪ੍ਰਸ਼ਾਦ ਪੂਰੀ ਰਸਦ ਦਾ ਬਣਦਾ ਹੈ। ਦਿੱਜ ਨਹੀਂ ਕਿ ਅਸਲ ਰਕਮ ਨਾਲੋਂ ਬਹੁਤ ਘੱਟ ਦਾ ਬਣਾ ਕੇ ਅਰਦਾਸ ਕਰ ਦਿਤੀ ਜਾਵੇ।

ਸੰਤ ਪਿਆਰਾ ਸਿੰਘ ਨਾਥ ਨੇ ਦਸਿਆ ਕਿ ਸਾਡੇ ਏਥੇ, ਅਖੰਡ ਪਾਠ ਪੂਰੀ ਨਾਮਧਾਰੀ ਮਰਿਯਾਦਾ ਅਨੁਸਾਰ ਕੀਤੇ ਜਾਂਦੇ ਹਨ। ਸ਼ੁਦ ਸੋਧ ਦਾ ਇਸ਼ਨਾਨ ਕਰਕੇ ਪਾਠੀ, ਧੂਪੀਏ ਅਤੇ ਪਹਿਰੂ ਆਪਣੀ ਡਿਊਟੀ ਦਿੰਦੇ ਹਨ, ਭਾਵੇਂ ਹਾੜ ਹੋਵੇ ਭਾਵੇਂ ਸਿਆਲ। ਦੋ ਦੋ ਘਟੇ ਪਾਠੀ ਤਾਬਿਆ ਬੈਠ ਕੇ ਪਾਠ ਕਰਦਾ ਹੈ। ਧੂਪੀਏ ਜਪੁਜੀ ਸਾਹਿਬ ਦਾ ਨਿਰੰਤਰ ਪਾਠ ਕਰਕੇ ਹਨ ਅਤੇ ਹਵਨ ਵੀ ਆਹੂਤੀਆਂ ਪਾ ਪਾ ਲਗਾਤਾਰ ਜਾਰੀ ਰਖਿਆ ਜਾਂਦਾ ਹੈ। ਕੁੰਭ ਵੀ ਬਾਕਾਇਦਾ ਰਖਿਆ ਜਾਂਦਾ ਹੈ। ੪੮ ਘੰਟੇ ਦੇ ਅੰਦਰ ਅੰਦਰ ਅਖੰਡ ਪਾਠ ਕੀਤੇ ਜਾਣ ਦਾ ਨੇਮ ਹੈ ਪਰ ਤੰਜ਼ ਪਾਠੀ ੩੬ ਘੰਟੇ ਵਿਚ ਵੀ ਕਰ ਦਿੰਦੇ ਹਨ।

ਸੰਤ ਬਲਕਾਰ ਸਿੰਘ ਹਜ਼ੂਰੀ ਸੇਵਕ ਨੇ ਦਸਿਆ ਕਿ ਦਸਮ ਗ੍ਰੰਥ ਦਾ ਅਖੰਡ ਪਾਠ ਵੀ ਨਾਮਧਾਰੀ ਕਰਦੇ ਕਰਵਾਂਦੇ ਹਨ ਅਤੇ ਇਸਦੇ ਕਰਨ ਤੇ ੧੫-੧੬ ਪਹਿਰ ਲਗ ਜਾਂਦੇ ਹਨ। ਆਦਿ ਗ੍ਰੰਥ ਸਾਹਿਬ ਵਾਂਗ ਹੀ ਇਹਦੇ ਵੀ ਆਦਿ, ਮੱਧ ਅਤੇ ਅੰਤ ਉਤੇ ਕੜਾਹ ਪ੍ਰਸ਼ਾਦ ਧਰਕੇ ਵਰਤਾਇਆ ਜਾਂਦਾ ਹੈ।

ਡੇਹਰਾਦੂਨ ਤੋਂ ਵਾਪਸੀ

੬.੩੦ ਵਜੇ ਦੇ ਨਾਮ ਸਿਮਰਨ ਵਿਚ ਸ਼ਾਮਲ ਹੋਣ ਲਈ ਸ੍ਰੀ ਸਤਿਗੁਰੂ ਜੀ ਪ.੩੦ ਵਜੇ ਹੀ ਡੇਹਰਾਦੂਨੋਂ ਵਾਪਸ ਨ੍ਹੀ ਭੈਣੀ ਸਾਹਿਬ ਆ ਗਏ। ਸਦਾ ਵਾਂਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਟੇਪ ਕਥਾ ਜਾਰੀ ਹੋ ਗਈ। ਭਜਨ ਸਿਮਰਨ ਦੀ ਸਮਾਪਤੀ ੭.੩੦ ਵਜੇ ਸ਼ਾਮੀਂ ਹੋ ਗਈ।

ਅਜ ਸੰਗਤ ਕਲ ਨਾਲੋਂ ਵਧੇਰੇ ਹੈ। ਦੇਸ਼ ਦੇ ਵਖ-ਵੱਖ ਹਿਸਿਆਂ ਵਿਚੋਂ ਪੰਜਾਬ ਦੇ ਸਾਰੇ ਟਿਲਾਕਿਆਂ ਵਿਚੋਂ ਦਰਸ਼ਨ ਪ੍ਰੇਮੀ ਪਧਾਰੇ ਹੁੰਏ ਹਨ। ਨਿਤਨੇਮ ਦੀ ਅਰਦਾਸ ਉਪਰੰਤ ਸੰਤ ਹਜ਼ਾਰਾ ਸਿੰਘ ਮਾਛੀ ਆ ਸਨਮੁਖ ਹੋਏ। ਸਤਿਗੁਰਾਂ ਸਿਹਤ ਬਾਰੇ ਪੁਛਿਆ। ਉਨ੍ਹਾਂ ਤਸ਼ੱਲੀ ਪਰਗਟ ਕੀਤੀ ਕੁਝ ਹੋਰ ਕੰਨ ਗੋਸ਼ੇ ਗਲਬਾਤ ਹੋਈ। ਅੰਤ ਉਤੇ ਸਤਿਗੁਰਾਂ ਜੀ ਨੇ ਥਾਪੀ ਦੇ ਕੇ ਮਾਛੀ ਸਾਹਿਬ ਨੂੰ ਵਿਦਾ ਕੀਤਾ। ਬਿਰਧ ਬੰਦਾ ਹਾਰਦਿਕ ਪ੍ਰਸੰਨ ਤੇ ਕ੍ਰਿਤੱਗ ਹੁੰਦਾ ਆਪਣੇ ਡੇਰੇ ਨੂੰ ਚਲਾ ਗਿਆ।

ਬ੍ਰਾਮ ਦਾ ਦੀਵਾਨ

ਰਾਗੀਆਂ ਵਿਚ ਅਜ ਵਿਸ਼ੇਸ਼ ਵਾਧਾ ਸਾਡੇ ਸਹਿਪਾਠੀ ਸ੍ਰੀ ਹਜ਼ੂਰ ਸਿੰਘ ਹੰਦਰਹਾਂਸ ਨਾਲ ਹੋ ਗਿਆ। ਸਤਿਗੁਰਾਂ ਆਪਣਾ ਦਿਲਰੁਬਾ ਸੁਰ ਕਰਨਾ ਸ਼ੁਰੂ ਕੀਤਾ। ਤ੍ਹੈ ਤਬਲਚੀ ਮੌਜੂਦ ਹਨ, ਸੰਤ ਖਜ਼ਾਨ ਸਿੰਘ ਰਾਗੀ, ਸ੍ਰੀ ਜਸਪਾਲ ਸਿੰਘ ਹੁਸ਼ਿਆਰਪੁਰੀ ਅਤੇ ਸ੍ਰੀ ਸੁਖਵਿੰਦਰ ਸਿੰਘ ਪਿੰਕੀ। ਸਤਿਗੁਰੂ ਜੀ ਨੇ ਚੌਥੇ ਤਬਲਚੀ ਸ੍ਰ. ਅਵਤਾਰ ਸਿੰਘ ਨੂੰ ਵੀ ਚੇਤੇ ਕੀਤਾ ਪਰ ਉਹ ਮੌਕੇ ਉਤੇ ਹੈ ਨਹੀਂ ਸੀ। ਫਿਰ ਆਪ ਹੀ ਉੱਤਰ ਦਿਤਾ : ਸਵੇਰੇ ੫ ਵਜੇ ਤੋਂ ਗੱਡੀ ਚਲਾ ਰਿਹਾ ਹੈ ਤੇ ਸ਼ਾਮ ਦੇ ੫.੩੦ ਤਕ ਚਲਾਂਦਾ ਹੀ ਰਿਹਾ ਹੈ, ਕਿਤੇ ਨੀਂਦ ਪੂਰੀ ਕਰਨ ਲਈ ਪੈ ਗਿਆ ਹੋਵੇਗਾ। ਮਾਤਾ ਚੰਦ ਕੌਰ ਜੀ ਦੇ ਭਤੀਜੇ, ਸੰਤ ਛਲੀ ਸਿੰਘ ਦੇ ਲੜਕੇ ਅਮਰਜੀਤ ਸੰਘ (੮) ਅੰਬੇ ਨੇ ਪਹਿਲੀ ਵਾਰ ਏਨੀ ਸੰਗਤ ਵਿਚ ਸ਼ਬਦ ਸੁਣਾਇਆ—

ਗੁਰ ਗੁਰ ਕਰਤ ਸਦਾ ਸੁਖ ਪਾਇਆ।

(ਚਲਦਾ)

Sri Satguru Jagjit Singh Ji Elibrary NamdhariElibrary@gmail.com

WITH BEST COMPLIMENTS FROM :

Harbhajan Sarbjeet & Associates

CIVIL ENGINEERING CONTRACTORS

ead office :
2/6 Ramgarh Colony
mpur Road, LUCKNOW-5 (U.P.)
one : 51510.

Iministrative office :
S B H officers colony
na Road,
URANGABAD-431001
(aharashtra)
one : 3587.

Works in Hand :

Construction of Paithan Right bank Canal
Jayakwadi Project
AURANGABAD (M S.)
Costing Rs. 3 20 Crores

Construction of Central Railways Project
in between Karjat & Lonavala (Bombay)
Costing Rs. 1.13 Crores

Construction of Waranga Tunnel
2.5 km long & Canal Works on Upper
Penganga Project
NANDED (M.S.)
Costing Rs. 4.50 Crores

Sri Satguru Jagjit Singh Ji Elibrary NamdhariElibrary@gmail.com

Registered NW JL—97 MONTHLY WARIAM February, 19
Registered with the registerar of News Papers for India No. 26453/75

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਬੁਰਬੁਰੇ ਅਤੇ ਸੁਆਦ

ਅਸ਼ੋਕਾ ਬਿਸਕੁਟ

ਵਧੇਰੇ ਜਾਣਕਾਰੀ ਲਈ ਸੰਪਰਕ:

PHONES 565693
212667

Sri Hari Partap Trading Centre
6-7 A SAROJANI PARK, SHASTRI NAGAR, DELHI-31

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ ਹੈਦਰਾਬਾਦ (ਏ.ਪੀ.)

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com